## ਅਧਿਆਇ 9

# ਨੇਮ ਦਾ ਨਵੇਂ ਸਿਰਿਉਂ ਬੰਨ੍ਹਿਆ ਜਾਣਾ (ਭਾਗ 1)

ਨਹਮਯਾਹ 8 ਅਧਿਆਇ ਵਿਚ ਸ਼ਰ੍ਹਾ ਦਾ ਪੜ੍ਹਿਆ ਜਾਣਾ ਅਗਲੇ ਦੋ ਅਧਿਆਇਆਂ ਵਿਚ ਦੱਸੇ ਗਏ ਨੇਮ ਦੇ ਨਵੇਂ ਸਿਰਿਉਂ ਬੰਨ੍ਹੇ ਜਾਣ ਦਾ ਅਧਾਰ ਬਣਿਆ। ''ਮੂਸਾ ਦੀ ਵਿਵਸਥਾ ਦੀ ਪੋਥੀ ਜਿਹਦਾ ਯਹੋਵਾਹ ਨੇ ਇਸਰਾਏਲ ਨੂੰ ਹੁਕਮ ਦਿੱਤਾ'' ਸੀ (8: 1), ਭਾਵ ਪੰਚਗ੍ਰੰਥ (ਜਾਂ ਤੁਰੇਤ) ਯਹੂਦੀਆਂ ਨੂੰ ਉਸ ਨੇਮ ਦੀ ਯਾਦ ਦੁਆਉਂਦੀ ਸੀ ਜਿਹੜਾ ਮਿਸਰ ਦੀ ਗੁਲਾਮੀ ਵਿੱਚੋਂ ਨਿੱਕਲਣ ਤੋਂ ਇਸਰਾਏਲੀਆਂ ਨੇ ਖ਼ੁਦਾ ਨਾਲ ਬੰਨ੍ਹਿਆ ਸੀ। ਆਪਣੇ ਵਡੇਰਿਆਂ ਵਾਂਗ ਉਹ ਵੀ ਉਸ ਨੇਮ ਨੂੰ ਪੂਰਾ ਨਹੀਂ ਕਰ ਸਕੇ ਸਨ। ਸ਼ਰ੍ਹਾ ਦੇ ਪੜ੍ਹੇ ਜਾਣ ਤੋਂ ਸੁਣਨ ਤੋਂ ਬਾਅਦ ਉਨ੍ਹਾਂ ਨੇ ਯਹੋਵਾਹ ਨਾਲ ਆਪਣੇ ਨੇਮ ਨੂੰ ਨਵੇਂ ਸਿਰਿਉਂ ਬੰਨ੍ਹ ਕੇ ਉਹਦੇ ਨਾਲ ਸਬੰਧ ਨੂੰ ਬਹਾਲ ਕਰਨ ਦਾ ਇਰਾਦਾ ਕੀਤਾ। ਇਹਦੇ ਲਈ ਉਨ੍ਹਾਂ ਵਾਸਤੇ ਆਪਣੇ ਪਾਪਾਂ ਦਾ ਇਕਰਾਰ ਕਰਨਾ ਜ਼ਰੂਰੀ ਸੀ। ਅਧਿਆਇ 9 ਦੱਸਦਾ ਹੈ ਕਿ ਉਨ੍ਹਾਂ ਨੇ (ਫੇਰ ਤੋਂ) ਸ਼ਰ੍ਹਾ ਦਾ ਪਾਠ ਸੁਣਿਆ, ਆਪਣੇ ਪਾਪਾਂ ਦਾ ਇਕਰਾਰ ਕੀਤਾ, ਆਪਣੇ ਖ਼ੁਦਾ ਨਾਲ ਕਿਰਪਾ ਭਰੇ ਵਿਹਾਰਾਂ ਦੇ ਇਤਹਾਸ ਦੀ ਸਮੀਖਿਆ ਕੀਤੀ, ਖ਼ੁਦਾ ਨੂੰ ਰਹਿਮ ਕਰਨ ਲਈ ਆਖਿਆ ਅਤੇ ਫਿਰ ਖ਼ੁਦਾ ਨਾਲ ਆਪਣੇ ਨੇਮ ਨਾਲ ਸਮਝੌਤਾ ਕੀਤਾ ਜਾਂ ਨਵੇਂ ਸਿਰਿਉਂ ਬੰਨ੍ਹਿਆ।

### ਤਿਆਰੀ: ਸ਼ਰ੍ਹਾ ਦਾ ਪੜ੍ਹਿਆ ਜਾਣਾ ਅਤੇ ਆਪਣੇ ਪਾਪਾਂ ਦਾ ਇਕਰਾਰ ਕਰਨਾ (9:1-5)

**[1]ਓਸੇ ਮਹੀਨੇ ਦੀ ਚਵੀ ਤਾਰੀਖ ਨੂੰ ਇਸਰਾਏਲੀ ਵਰਤ ਰੱਖ ਕੇ ਅਤੇ ਤੱਪੜ ਬੰਨ੍ਹ ਕੇ ਖਾਕ
ਆਪਣੇ ਉੱਪਰ ਪਾ ਕੇ ਇਕੱਠੇ ਕੀਤੇ ਗਏ [2]ਅਤੇ ਇਸਰਾਏਲ ਦੀ ਨਸਲ ਨੇ ਸਾਰੇ ਓਪਰੇ ਲੋਕਾਂ ਵਿੱਚੋਂ
ਆਪਣੇ ਆਪ ਨੂੰ ਅੱਡ ਕੀਤਾ ਅਤੇ ਖੜੇ ਹੋ ਕੇ ਆਪਣਿਆਂ ਪਾਪਾਂ ਦਾ ਅਤੇ ਆਪਣੇ ਪਿਉ ਦਾਦਿਆਂ
ਦੇ ਅਪਰਾਧਾਂ ਦਾ ਇਕਰਾਰ ਕੀਤਾ [3]ਅਤੇ ਉਨ੍ਹਾਂ ਨੇ ਆਪਣੇ ਥਾਂ ਤੇ ਖੜੇ ਹੋ ਕੇ ਪਹਿਰ ਦਿਨ ਚੜ੍ਹੇ ਤਕ
ਯਹੋਵਾਹ ਆਪਣੇ ਪਰਮੇਸ਼ੁਰ ਦੀ ਬਿਵਸਥਾ ਦੀ ਪੋਥੀ ਨੂੰ ਪੜ੍ਹਿਆ ਅਤੇ ਦੂਸਰੇ ਪਹਿਰ ਉਨ੍ਹਾਂ ਨੇ ਇਕਰਾਰ
ਕੀਤਾ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਦੇ ਅੱਗੇ ਮੱਥਾ ਟੇਕਿਆ। [4]ਤਦ ਲੇਵੀਆਂ ਵਿੱਚੋਂ ਯੇਸ਼ੂਆ ਅਰ
ਬਾਨਈ ਅਰ ਕਦਮੀਏਲ ਅਰ ਸ਼ਬਨਯਾਹ ਅਰ ਬੁੰਨੀ ਅਰ ਸ਼ੇਰੇਬਯਾਹ ਅਰ ਬਾਨੀ ਅਤੇ ਕਨਾਨੀ ਨੇ
ਪੌੜੀਆਂ ਉੱਤੇ ਖੜੇ ਹੋ ਕੇ ਵੱਡੀ ਅਵਾਜ਼ ਨਾਲ ਯਹੋਵਾਹ ਆਪਣੇ ਪਰਮੇਸ਼ੁਰ ਦੇ ਅੱਗੇ ਦੁਹਾਈ ਦਿੱਤੀ
[5]ਫੇਰ ਯੇਸ਼ੂਆ ਅਰ ਕਦਮੀਏਲ ਅਰ ਬਾਨੀ ਅਰ ਹਸ਼ਬਨਯਾਹ ਅਰ ਸ਼ੇਰੇਬਯਾਹ ਅਰ ਹੋਦੀਯਾਹ ਅਰ
ਸ਼ਬਨਯਾਹ ਅਤੇ ਪਥਹਯਾਹ ਲੇਵੀਆਂ ਨੇ ਆਖਿਆ, ਉੱਠਕੇ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਜੁੱਗੋ ਜੁੱਗ
ਮੁਬਾਰਕ ਆਖੋ ਅਤੇ ਤੇਰਾ ਪਰਤਾਪ ਵਾਲਾ ਨਾਮ ਮੁਬਾਰਕ ਹੋਵੇ ਜੋ ਸਾਰੀਆਂ ਬਰਕਤਾਂ ਅਤੇ ਉਸਤਤਾਂ
ਦੇ ਉੱਤੇ ਉੱਚਾ ਹੈ!**

ਅਧਿਆਇ 8 ਵਿਚ ਦੱਸੇ ਗਏ ਡੇਰਿਆਂ ਦੇ ਪਰਬ ਮਨਾਏ ਜਾਣ ਤੋਂ ਥੋੜ੍ਹੀ ਦੇਰ ਬਾਅਦ, ਯਹੂਦੀ

ਫੇਰ ਸ਼ਰ੍ਹਾ ਦੇ ਪੜ੍ਹੇ ਜਾਣ ਨੂੰ ਸੁਣਨ ਲਈ ਇਕੱਠੇ ਹੋਏ। ਇਸ ਵਾਰੀ ਉਹ ਉਨ੍ਹਾਂ ਪਸਚਾਤਾਪੀਆਂ ਦੇ ਰੂਪ ਵਿਚ ਇਕੱਠੇ ਹੋਏ ਜਿਹੜੇ ਆਪਣੇ ਪਾਪਾਂ ਤੋਂ ਸ਼ਰਮਿੰਦਾ ਸਨ।

**ਆਇਤ 1.** ਪਿਛਲੇ ਅਧਿਆਇ ਵਾਲੀਆਂ ਘਟਨਾਵਾਂ ਵਾਂਗ ਇਸ ਅਧਿਆਇ ਦੀਆਂ ਘਟਨਾਵਾਂ **ਓਸੇ ਮਹੀਨੇ ਦੀ ਚਵੀ ਤਾਰੀਖ** ਨੂੰ ਵਾਪਰੀਆਂ। ਇਹ ''ਸਤਵਾਂ ਮਹੀਨਾ'' (8:2) ਸੀ ਜਿਸ ਨੂੰ ''ਤਿਸ਼ਰੀ'' (ਸਤੰਬਰ–ਅਕਤੂਬਰ) ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਸੀ। ਡੇਰਿਆਂ ਦਾ ਪਰਬ ਇਸ ਮਹੀਨੇ ਦੀ ਬਾਈ ਤਰੀਕ ਨੂੰ ਮੁੱਕਿਆ (ਵੇਖੋ ਲੇਵੀਆਂ 23:39–44), ਅਤੇ ਸਭਾ ਦੋ ਦਿਨ ਬਾਅਦ ਹੋਈ।

ਯਹੂਦੀ ਲੋਕ ਪਹਿਲਾਂ ਇਸੇ ਮਹੀਨੇ ਦਾਅਵਤ ਕਰਨ ਲਈ ਨਹੀਂ ਬਲਕਿ **ਵਰਤ** ਰੱਖਣ ਲਈ ਇਕੱਠੇ ਹੋਏ (8:9–12) ਸਨ। ਉਨ੍ਹਾਂ ਨੇ **ਤੱਪੜ** ਪਹਿਨੇ ਅਤੇ ਆਪਣੇ ਉੱਤੇ **ਖਾਕ** ਪਾਈ ਹੋਈ ਸੀ।[1] ਸੋਗ ਕਰਨ ਦੇ ਇਹ ਕੰਮ ਯਹੂਦੀਆਂ ਦੇ ਪਛਤਾਵੇ ਦਾ ਸਬੂਤ ਸਨ। ਪਿਛਲੀ ਵਾਰ ਜਦ ਆਪਣੇ ਅਪਰਾਧਾਂ ਦੇ ਕਾਰਣ ਉਹ ਰੋਏ ਸਨ ਤਾਂ ਉਨ੍ਹਾਂ ਨੂੰ ਇਸ ਦੇ ਉਲਟ ਅਨੰਦ ਕਰਨ ਲਈ ਆਖਿਆ ਗਿਆ ਸੀ, ਪਰ ਇਸ ਮੌਕੇ ਤੇ ਉਨ੍ਹਾਂ ਲਈ ਸੋਗ ਕਰਨਾ ਅਤੇ ਆਪਣੇ ਪਾਪਾਂ ਦਾ ਇਕਰਾਰ ਕਰਨਾ ਸਹੀ ਸੀ।

ਇਸ ਵਾਰ ਦੁਖੀ ਹੋਣਾ ਕਿਉਂ ਸਹੀ ਸੀ ਅਤੇ ਪਹਿਲਾਂ ਕਿਉਂ ਸਹੀ ਨਹੀਂ ਸੀ? ਨਹਮਯਾਹ ਨੇ ਉਦੋਂ ਲੋਕਾਂ ਨੂੰ ਅਫ਼ਸੋਸ ਨਾ ਕਰਨ ਲਈ ਕਿਉਂ ਆਖਿਆ ਪਰ ਹੁਣ ਉਹਨੇ ਉਨ੍ਹਾਂ ਨੂੰ ਅਫ਼ਸੋਸ ਕਰਨ ਦਿਤਾ? ਡੇਰਿਆਂ ਦੇ ਪਰਬ ਦੌਰਾਨ ਸੋਗ ਕਰਨਾ ਕਿਉਂ ਨਹੀਂ ਸਹੀ ਹੋਣਾ ਸੀ?[2] ਐਡਵਿਨ ਐੱਮ. ਯਾਮੋਚੀ ਨੇ ਦਿਲਚਸਪ ਮੁਲਾਂਕਣ ਕੀਤਾ ਹੈ ਕਿ ਇਕਰਾਰ ਦਾ ਇਹ ਦਿਨ ਭਾਵੇਂ ਪ੍ਰਾਸਚਿਤ ਦੇ ਦਿਨ ਸਤਵੇਂ ਮਹੀਨੇ ਦੀ ਦਸ ਤਰੀਕ ਨੂੰ ਨਹੀਂ ਹੋਇਆ, ਪਰ ਇਹ ''ਪ੍ਰਾਸਚਿਤ ਦੇ ਦਿਨ ਵਾਲੀ ਸੋਚ'' ਨਾਲ ਮੇਲ ਖਾਂਦਾ ਸੀ।[3]

**ਆਇਤ 2.** ਇਸ ਤੋਂ ਬਾਅਦ ਹੋਣ ਵਾਲੀਆਂ ਗੱਲਾਂ ਦੀ ਇਕ ਤਰ੍ਹਾਂ ਦੀ ਸਮੀਖਿਆ ਦਿੱਤੀ ਗਈ ਹੈ। **ਇਸਰਾਏਲ ਦੀ ਨਸਲ**[4] ਨੇ ਪਹਿਲਾਂ ਤਾਂ **ਸਾਰੇ ਓਪਰੇ ਲੋਕਾਂ ਵਿੱਚੋਂ ਆਪਣੇ ਆਪ ਨੂੰ ਅੱਡ ਕੀਤਾ**। ਉਨ੍ਹਾਂ ਦੇ ਓਪਰੇ ਲੋਕਾਂ ਤੋਂ ਅੱਡ ਹੋਣ ਦਾ ਮਤਲਬ ਇਹ ਨਹੀਂ ਸਮਝਿਆ ਜਾਣਾ ਚਾਹੀਦਾ ਕਿ ਉਨ੍ਹਾਂ ਨੇ ਇਸ ਵੇਲੇ ਆਪਣੀਆਂ ਵਿਦੇਸ਼ੀ ਪਤਨੀਆਂ ਨੂੰ ਛੱਡ ਦਿੱਤਾ, ਨਾ ਹੀ ਉਨ੍ਹਾਂ ਨੇ ਆਪਣੇ ਵਿੱਚੋਂ ਬੇਦੀਨ ਹੋਣ ਵਾਲਿਆਂ ਨੂੰ ਕੱਢ ਦਿੱਤਾ ਜਾਂ ਯਰੂਸ਼ਲਮ ਵਿਚ ਰਹਿਣ ਵਾਲੇ ਗੈਰਕੌਮਾਂ ਨੂੰ ਉੱਥੋਂ ਨਿੱਕਲਣ ਲਈ ਮਜਬੂਰ ਕੀਤਾ। ਫਿਰ ਵੀ ਇਸ ਸਭਾ ਦੇ ਸਮੇਂ ਲਈ, ਉਨ੍ਹਾਂ ਨੇ ਆਪਣੇ ਆਪ ਨੂੰ ਉਨ੍ਹਾਂ ਗੈਰਕੌਮਾਂ ਤੋਂ ਅੱਡ ਕੀਤਾ ਜਿਹੜੇ ਉਨ੍ਹਾਂ ਦੇ ਵਿਚਕਾਰ ਅਤੇ ਉਨ੍ਹਾਂ ਦੇ ਆਲੇ ਦੁਆਲੇ ਰਹਿੰਦੇ ਸਨ। ਇਸ ਵਕਤ ਉਨ੍ਹਾਂ ਦੀ ਗੈਰ–ਇਸਰਾਏਲੀਆਂ ਨਾਲ ਜਿਹੜੇ ਯਹੂਦਾਹ ਵਿਚ ਰਹਿੰਦੇ ਸਨ ਕੋਈ ਗੱਲ ਨਹੀਂ ਸੀ। ਖ਼ੁਦਾ ਨੇ ਇਸਰਾਏਲੀਆਂ ਨਾਲ ਨੇਮ ਬੰਨ੍ਹਿਆ ਸੀ, ਨਾ ਕਿ ਹੋਰ ਕਿਸੇ ਨਾਲ।

ਫਿਰ ਯਹੂਦੀਆਂ ਨੇ **ਖੜੇ ਹੋ ਕੇ ਆਪਣਿਆਂ ਪਾਪਾਂ ਦਾ ਅਤੇ ਆਪਣੇ ਪਿਉ ਦਾਦਿਆਂ ਦੇ ਅਪਰਾਧਾਂ ਦਾ ਇਕਰਾਰ ਕੀਤਾ**। ਇਹ ਅਜੀਬ ਲਗ ਸਕਦਾ ਹੈ ਕਿ ਨਹਮਯਾਹ ਦੇ ਸਮੇਂ ਵਿਚ ਲੋਕ ਆਪਣੇ ਪੁਰਖਿਆਂ ਦੇ ਪਾਪਾਂ ਦਾ ਇਕਰਾਰ ਕਰ ਰਹੇ ਸਨ, ਪਰ ਇਸਰਾਏਲੀਆਂ ਵਿਚ ਸਮੂਹਕ ਗਲਤੀ ਦੀ ਭਾਵਨਾ ਸੀ ਜਿਹੜੀ ਅਜੋਕੇ ਲੋਕਾਂ ਵਿਚ ਨਹੀਂ ਮਿਲਦੀ। ਸਮੂਹਕ ਇਕਰਾਰ ਇਸ ਵਿਚਾਰ ਨੂੰ ਦਰਸਾਉਂਦਾ ਹੈ ਕਿ ਜਦ ਕਿਸੇ ਕੌਮ ਨੇ ਪਾਪ ਕੀਤਾ ਤਾਂ ਉਸ ਕੌਮ ਦੇ ਸਾਰੇ ਲੋਕ ਦੋਸ਼ੀ ਮੰਨੇ ਗਏ।[5]

**ਆਇਤ 3.** ਇਸਰਾਏਲੀਆਂ ਨੇ **ਆਪਣੇ ਥਾਂ ਤੇ ਖਲੋ ਕੇ ਬਿਵਸਥਾ ਦੀ ਪੋਥੀ ਨੂੰ ਪੜ੍ਹਿਆ**। ਪੜ੍ਹਿਆ ਕਿਸ ਨੇ ਇਹ ਪਤਾ ਨਹੀਂ ਹੈ। ਵਿਆਕਰਣ ਤੇ ਤੌਰ ਤੇ ''ਉਨ੍ਹਾਂ'' ਦਾ ਪੂਰਵ ਪਦ ''ਇਸਰਾਏਲੀ'' ਹੀ ਹੋਵੇਗਾ ਪਰ ਅਗਲੀ ਆਇਤ ਵਿਚ ਦੱਸੇ ਗਏ ਲੋਕਾਂ ਲਈ ਪੜਨਾਉਂ ਵਧੇਰੇ ਮੇਲ ਖਾਂਦਾ ਲਗਦਾ ਹੈ।

ਸ਼ਰ੍ਹਾ ਦਾ ਪੜ੍ਹਿਆ ਜਾਣਾ **ਪਹਿਰ ਦਿਨ** ਤਕ ਹੋਇਆ। ਇਹਦਾ ਮਤਲਬ ਹੈ ਕਿ ਲੋਕਾਂ ਨੇ ਤਿੰਨ ਕੁ ਘੰਟੇ ਸੁਣਿਆ, ਜੋ ਕਿ ਪਿਛਲੇ ਅਧਿਆਇ ਵਿਚ ਦੱਸੇ ਗਏ ਪੜ੍ਹੇ ਜਾਣ ਦੇ ਸਮੇਂ ਦਾ ਅੱਧਾ ਸੀ

(ਵੇਖੋ 8:3)। ਫਿਰ ਉਨ੍ਹਾਂ ਆਪਣੇ ਪਾਪਾਂ ਦਾ ਇਕਰਾਰ ਅਤੇ **ਪਰਮੇਸ਼ੁਰ** ਦੀ ਬੰਦਗੀ ਵਿਚ ਇਕ ਹੋਰ **ਪਹਿਰ** ਲਾਇਆ।

**ਆਇਤਾਂ 4, 5.** ਸਾਫ਼ ਤੌਰ ਤੇ ਬੰਦਗੀ ਵਿਚ ਯਹੂਦੀਆਂ ਦੀ ਅਗਵਾਈ ਲੇਵੀਆਂ ਨੇ ਕੀਤੀ ਜਿਨ੍ਹਾਂ ਦੇ ਨਾਂਅ ਇਨ੍ਹਾਂ ਦੋਹਾਂ ਆਇਤਾਂ ਵਿਚ ਲਿਖੇ ਗਏ ਹਨ, ਇਹ ਸਾਫ਼ ਨਹੀਂ ਹੈ ਕਿ ਉਹ ਕਿਸ ਥਾਂ ਇਕੱਠੇ ਹੋਏ। ਇਬਰਾਨੀ ਸ਼ਬਦ (*maʿaleh*, *ਮਾਲੇਹ*) ਦਾ ਅਨੁਵਾਦ **''ਪੌੜੀਆਂ''** (KJV; NKJV; ASV; RSV; NRSV; NIV; ESV) ਜਾਂ ''ਸੀੜ੍ਹੀਆਂ'' (NEB; REB) ਹੋਇਆ ਹੈ। NASB ਵਿਚ ''ਲੇਵੀਆਂ ਦਾ ਤਖ਼ਤਪੋਸ਼'' ਹੈ। ਜੇ ਪੌੜੀਆਂ ਸਹੀ ਹੈ ਤਾਂ ਇਹ ਹੈਕਲ ਦੇ ਇਕ ਤੋਂ ਦੂਜੇ ਹਿੱਸੇ ਤਕ ਜਾਣ ਵਾਲੀਆਂ ਪੌੜੀਆਂ ਹੋ ਸਕਦੀਆਂ ਹਨ। ਕੀਥ ਐੱਨ. ਸ਼ੋਵਿੱਲ ਦਾ ਵਿਚਾਰ ਸੀ ਕਿ ਇਹ ਸਭਾ ''ਹੈਕਲ ਦੇ ਅਹਾਤੇ ਵਿਚ'' ਹੋਈ ਹੋਵੇਗੀ ਜਿੱਥੇ ''ਹੈਕਲ ਦੇ ਅਹਾਤਿਆਂ ਵਿਚ ਜਾਣ ਵਾਲੀਆਂ ਪੌੜ੍ਹੀਆਂ ਸਨ।''[6]

ਇਨ੍ਹਾਂ ਦੋਹਾਂ ਆਇਤਾਂ ਵਿਚ ਅੱਠ ਲੇਵੀਆਂ ਦੇ ਨਾਂਅ ਹਨ ਜਦਕਿ ਪੰਜ ਨਾਂਅ ਦੋਹਾਂ ਸੂਚੀਆਂ ਵਿਚ ਹਨ। ਬਾਈਬਲ ਇਹ ਨਹੀਂ ਦੱਸਦੀ ਕਿ ਦੋਹਾਂ ਗੁੱਟਾਂ ਵਾਲੇ ਬੰਦਿਆਂ ਦੇ ਕੰਮ ਵੱਖੋ ਵੱਖ ਕਿਵੇਂ ਸਨ। ਸ਼ਾਇਦ ਪਹਿਲੇ ਗੁੱਟ ਨੇ ਪਾਪ ਦਾ ਇਕਰਾਰ ਕਰਨ ਵਿਚ ਅਗਵਾਈ ਕੀਤੀ, ਕਿਉਂ ਜੋ ਉਨ੍ਹਾਂ ਨੇ **ਵੱਡੀ ਅਵਾਜ਼ ਨਾਲ ਯਹੋਵਾਹ ਆਪਣੇ ਪਰਮੇਸ਼ੁਰ ਦੇ ਅੱਗੇ ਦੁਹਾਈ ਦਿੱਤੀ**। ਦੂਜੇ ਗੁੱਟ ਨੇ ਬੰਦਗੀ ਵਿਚ ਅਗਵਾਈ ਕੀਤੀ ਹੋਵੇਗੀ, ਕਿਉਂ ਜੋ ਉਨ੍ਹਾਂ ਨੇ ਲੋਕਾਂ ਨੂੰ ਆਖਿਆ **ਪਰਮੇਸ਼ੁਰ ਨੂੰ ਮੁਬਾਰਕ ਆਖੋ**।

## ਉਨ੍ਹਾਂ ਦੇ ਇਤਹਾਸ ਦੀ ਸਮੀਖਿਆ (9:6-38)

ਅੱਧੀ ਕੁ ਦੁਪਹਿਰ ਨੂੰ, ਅਜ਼ਰਾ ਜਾਂ ਲੇਵੀਆਂ ਵਿੱਚੋਂ ਕੋਈ ਉੱਠਿਆ ਅਤੇ ਉਸ ਨੇ ਸਾਰੀ ਸਭਾ ਦੀ ਤਰਫ਼ੋਂ, ਅਗਲੇ ਸ਼ਬਦ ਕਹੇ। LXX ਦੇ ਅਧਾਰ ਤੇ, RSV ਅਤੇ NRSV ਵਿਚ 9:6 ਦਾ ਅਰੰਭ ''ਅਤੇ ਅਜ਼ਰਾ ਨੇ ਕਿਹਾ'' ਦੇ ਨਾਲ ਹੁੰਦਾ ਹੈ। ਇਹ ਸ਼ਬਦ ਭਾਵੇਂ ਇਬਰਾਨੀ ਲਿਖਤ ਵਿਚ ਨਹੀਂ ਮਿਲਦੇ ਪਰ ਇਹ ਮੰਨ ਲੈਣਾ ਤਰਕਸੰਗਤ ਹੈ ਕਿ ਬਾਕੀ ਦੇ ਅਧਿਆਇ ਵਿਚ ਬੁਲਾਰਾ ਅਜ਼ਰਾ ਹੀ ਸੀ।

9:6–37 ਵਿਚਲੀ ਦੁਆ ਨੂੰ NASB ਅਤੇ ਹੋਰਨਾਂ ਸੰਸਕਰਣਾਂ ਵਿਚ ਕਵਿਤਾ ਦੇ ਰੂਪ ਵਿਚ ਛਾਪਿਆ ਗਿਆ ਹੈ ਪਰ NRSV ਅਤੇ NIV ਵਿਚ ਇਹ ਵਾਰਤਕ ਰੂਪ ਵਿਚ ਮਿਲਦੀ ਹੈ। ਭਲਾ ਦੁਆ ਦੀ ਵਿਆਖਿਆ ਕਵਿਤਾ ਦੇ ਰੂਪ ਵਿਚ ਹੋਣੀ ਚਾਹੀਦੀ ਹੈ ਜਾਂ ਵਾਰਤਕ ਰੂਪ ਵਿਚ। ਐੱਚ. ਜੀ. ਐੱਮ. ਵਿਲੀਅਮਸਨ ਨੇ ਨਿਚੋੜ ਕੱਢਿਆ, ''ਇਸ ਕਰਕੇ ਸਾਨੂੰ ਇਸ ਨੂੰ ਲੈਅਬੱਧ ਕਰਮਕਾਂਡ ਦੀ ਭਾਸ਼ਾ ਆਖ ਕੇ ਸੰਤੁਸ਼ਟ ਹੋ ਜਾਣਾ ਅਤੇ ਇਹ ਮੰਨ ਲੈਣਾ ਚਾਹੀਦਾ ਹੈ ਕਿ ਇਸ ਉੱਤੇ ਹੋਰਨਾਂ ਭਾਵ ਕਵਿਤਾ ਦੇ ਹੋਰਨਾਂ ਪੈਰ੍ਹਿਆਂ ਦੀ ਸ਼ਬਦਾਵਲੀ ਅਤੇ ਸ਼ੈਲੀ ਦਾ ਅਸਰ ਹੈ।''[7]

9:6–31 ਵਿਚ ਆਪਣੇ ਲੋਕਾਂ ਨਾਲ ਖ਼ੁਦਾ ਦੇ ਵਿਹਾਰਾਂ ਦਾ ਸੰਖੇਪ ਰੂਪ ਮਿਲਦਾ ਹੈ। ਇਸ ਹਿੱਸੇ ਵਿਚ ਉਤਪਤ ਤੋਂ ਲੈ ਕੇ ਅਸੀਰੀ ਦੇ ਬਾਅਦ ਦੇ ਸਮੇਂ ਤਕ ਦੀ ਬਾਈਬਲ ਵਿਚ ਦਿੱਤੀ ਗਈ ਕਹਾਣੀ ਦੀਆਂ ਮੁੱਖ ਘਟਨਾਵਾਂ ਹਨ। ਪਹਿਲਾਂ ਇਹ ਖ਼ੁਦਾ ਦੀ ਮਹਾਨਤਾ ਅਤੇ ਕਿਰਪਾ ਤੇ ਜ਼ੋਰ ਦਿੰਦੀ ਹੈ ਅਤੇ ਉਸ ਦੀ ਮਹਾਨਤਾ ਨੂੰ ਮਨੁੱਖ ਦੇ ਪਾਪੀ ਹੋਣ ਨਾਲੋਂ ਫ਼ਰਕ ਕਰਦੀ ਹੈ,[8] ਜੋ 9:32–37 ਕੀਤੇ ਜਾਣ ਵਾਲੇ ਇਕਰਾਰ ਅਤੇ ਬੇਨਤੀ ਲਈ ਮੰਚ ਤਿਆਰ ਕਰਦਾ ਹੈ। ਫਿਰ ਇਹ 9:38 ਤੋਂ ਸ਼ੁਰੂ ਹੋਣ ਵਾਲੇ ਨੇਮ ਦੇ ਨਵੇਂ ਸਿਰਿਉਂ ਬੰਨ੍ਹੇ ਜਾਣ ਲਈ ਇਤਹਾਸਕ ਪਿਛੋਕੜ ਦੇ ਕੇ ਇਕ ਵਿਆਪਕ ਉਦੇਸ਼ ਨੂੰ ਪੂਰਾ ਕਰਦਾ।

### ਸ੍ਰਿਸ਼ਟੀ (9:6)

**[6]ਤੂੰ, ਹਾਂ, ਤੂੰ ਹੀ ਕੇਵਲ ਇਕ ਯਹੋਵਾਹ ਹੈਂ। ਤੂੰ ਅਕਾਸ਼ ਅਤੇ ਅਕਾਸ਼ਾਂ ਦੇ ਅਕਾਸ਼ ਵੀ ਅਤੇ ਉਨ੍ਹਾਂ**

**ਦੀ ਸਾਰੀ ਸੈਨਾ, ਧਰਤੀ ਅਤੇ ਉਸ ਦੀਆਂ ਸਾਰੀਆਂ ਚੀਜ਼ਾਂ, ਸਮੁੰਦਰ ਅਤੇ ਜੋ ਕੁੱਝ ਉਨ੍ਹਾਂ ਦੇ ਵਿਚ ਹੈ ਬਣਾਏ ਅਤੇ ਤੂੰ ਹੀ ਸਾਰਿਆਂ ਦਾ ਜੀਵਨ ਦਾਤਾ ਹੈਂ ਅਤੇ ਅਕਾਸ਼ ਦੀ ਸੈਨਾ ਤੈਨੂੰ ਹੀ ਮੱਥਾ ਟੇਕਦੀ ਹੈ।**

**ਆਇਤ 6.** ਇਸਰਾਏਲੀਆਂ ਦੀ ਸਮੂਹਕ ਪ੍ਰਾਰਥਨਾ ਦਾ ਅਰੰਭ ਖ਼ੁਦਾ ਨੂੰ ਇਕ ਨਿਰਾਲੀ ਗੱਲ ਨੂੰ ਮੰਨਣ ਨਾਲ ਹੋਇਆ। ਉਸ ਦਾ ਕੋਈ ਸਾਨੀ ਨਹੀਂ ਹੈ ਭਾਵ ਉਹੀ **ਕੇਵਲ ਇਕ ਯਹੋਵਾਹ** ਹੈ। ਉਸ ਦੀ ਮਹਾਨਤਾ ਇਸ ਤੱਥ ਤੋਂ ਪਤਾ ਲਗਦੀ ਰਹੀ ਹੈ ਕਿ ਉਸ ਨੇ ਸਭ ਕੁਝ ਸਿਰਜਿਆ। **ਅਕਾਸ਼ ਅਤੇ ਅਕਾਸ਼ਾਂ ਦੇ ਅਕਾਸ਼ ਵੀ ਅਤੇ ਉਨ੍ਹਾਂ ਦੀ ਸਾਰੀ ਸੈਨਾ, ਧਰਤੀ ਅਤੇ ਉਸ ਦੀਆਂ ਸਾਰੀਆਂ ਚੀਜ਼ਾਂ, ਅਤੇ ਸਮੁੰਦਰ ਅਤੇ ਜੋ ਕੁਝ ਉਨ੍ਹਾਂ ਦੇ ਵਿਚ ਹੈ . . . ਅਕਾਸ਼ ਦੀ ਸੈਨਾ** ਜਿਹੜੀ ਖ਼ੁਦਾ ਅੱਗੇ **ਮੱਥਾ ਟੇਕਦੀ ਹੈ** ਅਕਾਸ਼ ਦੇ ਗ੍ਰਹਾਂ (ਸੂਰਜ, ਚੰਦ ਅਤੇ ਤਾਰਿਆਂ; ਵੇਖੋ ਜ਼ਬੂਰ 19:1–6) ਲਈ ਕਿਹਾ ਗਿਆ ਹੋ ਸਕਦਾ ਹੈ; ਇਹ ਵੀ ਹੋ ਸਕਦਾ ਹੈ ਕਿ ਖ਼ੁਦਾ ਦੀ ਹਜ਼ੂਰੀ ਵਿਚ ਫ਼ਰਿਸ਼ਤਿਆਂ ਲਈ ਇਹ ਕਿਹਾ ਗਿਆ ਹੋਵੇ।

### ਅਬਰਾਹਾਮ ਦੀ ਬੁਲਾਹਟ (9:7, 8)

**7ਤੂੰ ਉਹ ਯਹੋਵਾਹ ਪਰਮੇਸ਼ੁਰ ਹੈਂ ਜਿਨ ਅਬਰਾਮ ਨੂੰ ਚੁਣਿਆ ਅਤੇ ਕਸਦੀਆਂ ਦੇ ਊਰ ਵਿੱਚੋਂ ਕੱਢ ਲਿਆਂਦਾ ਅਤੇ ਤੂੰ ਉਸ ਦਾ ਨਾਮ ਅਬਰਾਹਾਮ ਰੱਖਿਆ 8ਤੂੰ ਉਹ ਦਾ ਮਨ ਆਪਣੇ ਸਨਮੁਖ ਈਮਾਨ ਵਾਲਾ ਪਾਇਆ ਅਤੇ ਉਹ ਦੇ ਨਾਲ ਕਨਾਨੀਆਂ, ਹਿੱਤੀਆਂ, ਅਮੋਰੀਆਂ, ਫਰਿੱਜ਼ੀਆਂ, ਯਬੂਸੀਆਂ ਅਤੇ ਗਿਰਗਾਸ਼ੀਆਂ ਦੀ ਧਰਤੀ ਦੇਣ ਦਾ ਨੇਮ ਬੰਨ੍ਹਿਆ ਅਰਥਾਤ ਉਹ ਦੀ ਅੰਸ ਨੂੰ ਦੇਣ ਦਾ ਅਤੇ ਤੂੰ ਆਪਣੀਆਂ ਗੱਲਾਂ ਨੂੰ ਪੂਰਾ ਕੀਤਾ ਕਿਉਂ ਜੋ ਤੂੰ ਧਰਮੀ ਹੈਂ।**

**ਆਇਤਾਂ 7, 8.** ਅਬਰਾਹਾਮ ਦਾ ਇਹ ਵੇਰਵਾ ਖ਼ੁਦਾ ਦੇ ਕੰਮਾਂ ਉੱਤੇ ਜ਼ੋਰ ਦਿੰਦਾ ਹੈ। **ਯਹੋਵਾਹ** ਨੇ ਉਸ **ਨੂੰ ਚੁਣਿਆ . . . ਕਸਦੀਆਂ ਦੇ ਊਰ ਵਿੱਚੋਂ ਕੱਢ ਲਿਆਂਦਾ ਅਤੇ . . . ਉਸ ਦਾ ਨਾਮ ਅਬਰਾਮ** ਤੋਂ **ਅਬਰਾਹਾਮ ਰੱਖਿਆ।** ਫਿਰ ਉਸ ਨੇ **ਉਹਦੇ ਨਾਲ ਨੇਮ ਬੰਨ੍ਹਿਆ।**

ਭਾਵੇਂ ਉਤਪਤ ਦੀ ਕਿਤਾਬ ਵਿਚ ਦੱਸੇ ਗਏ, ਨੇਮ ਵਿਚ ਹੋਰ ਵਧਾਅ ਕੀਤੇ ਗਏ ਸਨ, ਪਰ ਦੁਆ ਵਿਚ ਇਸ ਗੱਲ ਉੱਤੇ ਫੋਕਸ ਕੀਤਾ ਗਿਆ ਕਿ ਖ਼ੁਦਾ ਨੇ ਅਬਰਾਹਾਮ ਨਾਲ ਅਤੇ ਉਸਦੀ ਸੰਤਾਨ ਨਾਲ ਉਹ **ਧਰਤੀ** ਦੇਣ ਦਾ ਵਾਅਦਾ ਕੀਤਾ ਸੀ ਜਿਸ ਵਿਚ ਦੂਜੇ ਲੋਕ ਰਹਿੰਦੇ ਸਨ। ਇਨ੍ਹਾਂ ਵਿਚ **ਕਨਾਨੀਆਂ, ਹਿੱਤੀਆਂ, ਅਮੋਰੀਆਂ, ਫਰਿੱਜ਼ੀਆਂ, ਯਬੂਸੀਆਂ ਅਤੇ ਗਿਰਗਾਸ਼ੀਆਂ** ਦਾ ਨਾਂਅ ਦਿੱਤਾ ਗਿਆ ਹੈ।[9] ਧਰਤੀ (ਦੇਸ਼) ਦਿੱਤੇ ਜਾਣ ਦੇ ਵਾਅਦੇ ਦੀ ਗੱਲ ਕਹਾਣੀ ਦੇ ਅਗਲੇ ਹਿੱਸੇ ਵਿਚ ਮਿਲਦੀ ਹੈ। ਖ਼ੁਦਾ ਨੇ ਉਨ੍ਹਾਂ ਨੂੰ ਉਹ ਧਰਤੀ ਦੇ ਦਿੱਤੀ ਅਤੇ ਉਨ੍ਹਾਂ ਨੂੰ ''ਜਾਣ'' ਅਤੇ ''ਉਸ ਧਰਤੀ ਉੱਤੇ ਕਬਜ਼ਾ ਕਰਨ'' ਲਈ ਆਖਿਆ ਗਿਆ ਜਿਹੜੀ ਖ਼ੁਦਾ ਨੇ ਉਨ੍ਹਾਂ ਨੂੰ ਦਿੱਤੀ ਸੀ, ਪਰ ਉਨ੍ਹਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਜਿਸ ਕਰਕੇ ਉਨ੍ਹਾਂ ਨੂੰ ਉਜਾੜ ਵਿਚ ਚਾਲੀ ਸਾਲਾਂ ਤਕ ਭਟਕਣਾ ਪਿਆ (9:15–21)। ਅਖ਼ੀਰ ਵਿਚ ''ਉਨ੍ਹਾਂ ਨੇ ਸਿਓਨ ਦੇ ਦੇਸ਼ ਉੱਤੇ'' ਅਤੇ ਯਰਦਨ ਦੇ ਪੂਰਬ ਵੱਲ ''ਓਸ ਦੇਸ਼ ਉੱਤੇ ਕਬਜ਼ਾ ਕਰ ਲਿਆ'' ਅਤੇ ਫਿਰ ਖ਼ੁਦਾ ਨੇ ''ਉਨ੍ਹਾਂ ਨੂੰ ਉਸ ਦੇਸ਼ ਵਿਚ ਲਿਆਂਦਾ'' ਜਿਹਦਾ ਉਸ ਨੇ ਵਾਅਦਾ ਕੀਤਾ ਹੋਇਆ ਸੀ (9:22–25)।[10] ਇਸ ਸਭ ਦੇ ਬਾਵਜੂਦ ਕਿ ਖ਼ੁਦਾ ਨੇ ਉਨ੍ਹਾਂ ਨੂੰ ''ਚੌੜੀ ਅਤੇ ਮੋਟੀ ਧਰਤੀ'' ਦਿੱਤੀ ਸੀ, ਹੁਣ ਉਹ ਉਸ ਬਹੁਤਾਇਤ ਵਾਲੀ ਥਾਂ ਵਿਚ ''ਗੁਲਾਮ'' ਸਨ ਕਿਉਂ ਜੋ ''ਬਹੁਤੀ ਪੈਦਾਵਾਰ ਉਨ੍ਹਾਂ ਰਾਜਿਆਂ'' ਕੋਲ ਚਲੀ ਗਈ ਸੀ ਜਿਹੜੇ ਉਨ੍ਹਾਂ ਉੱਤੇ ਹਕੂਮਤ ਕਰਦੇ ਸਨ (9:35–37)। ਯਹੂਦੀਆਂ ਦੇ ਬਾਬਲ ਦੀ ਅਸੀਰੀ ਤੋਂ ਮੁੜਨਾ ਸ਼ੁਰੂ ਹੋਣ ਤੋਂ ਹੀ ਸ਼ਾਇਦ ਉਨ੍ਹਾਂ ਦਾ ਸਭ ਤੋਂ ਵੱਡੀ ਚਿੰਤਾ ਫੇਰ ਤੋਂ ਉਸ ਧਰਤੀ ਉੱਤੇ ਕਬਜ਼ਾ ਕਰਨ ਦੀ ਸੀ। ਜਿਸ ਦਾ ਵਾਅਦਾ ਖ਼ੁਦਾ ਨੇ ਪੁਰਖਿਆਂ ਨਾਲ ਕੀਤਾ। ਇਸ ਅਧਿਆਇ ਵਿਚਲਾ ਇਕਰਾਰ ਅਤੇ ਪ੍ਰਾਰਥਨਾ ਓਸੇ ਚਿੰਤਾ ਨੂੰ ਵਿਖਾਉਂਦਾ ਹੈ।

ਇਹ ਭਾਗ ਇਹ ਕਹਿਣ ਨਾਲ ਖ਼ਤਮ ਹੁੰਦਾ ਹੈ ਕਿ ਖ਼ੁਦਾ ਨੇ ਅਬਰਾਹਾਮ ਅਤੇ **ਉਹਦੀ ਅੰਸ ਨੂੰ** ਕਹੀਆਂ **ਗੱਲਾਂ ਨੂੰ ਪੂਰਾ ਕੀਤਾ**। ਇਸ ਦਾ ਸਬੂਤ ਇਹ ਸੀ ਕਿ ਯਹੂਦੀ ਲੋਕ ਹੁਣ ਵਾਅਦੇ ਦੀ ਧਰਤੀ ਵਿਚ ਰਹਿ ਰਹੇ ਸਨ। ਧਰਤੀ ਦੇਣ ਦਾ ਵਾਅਦਾ ਮੁੱਖ ਤੌਰ ਤੇ ਇਸ ਕਰਕੇ ਪੂਰਾ ਹੋਇਆ ਸੀ ਕਿ ਖ਼ੁਦਾ **ਧਰਮੀ** ਸੀ ਭਾਵ ਉਹ ਵਫ਼ਾਦਾਰ ਅਤੇ ਭਰੋਸੇ ਦੇ ਯੋਗ ਸੀ।

ਖ਼ੁਦਾ ਦੀ ਧਾਰਮਿਕਤਾ ਭਾਵੇਂ ਉਸ ਦੇ ਵਾਅਦਿਆਂ ਦੇ ਪੂਰਾ ਹੋਣ ਦਾ ਮੁੱਖ ਕਾਰਣ ਸੀ ਪਰ ਅਬਰਾਹਾਮ ਦੇ ਸੁਭਾਅ ਦਾ ਵੀ ਯੋਗਦਾਨ ਹੈ ਸੀ। ਦੁਆ ਵਿਚ ਕਿਹਾ ਗਿਆ ਕਿ ਖ਼ੁਦਾ ਨੇ ਅਬਰਾਹਾਮ ਨੂੰ **ਆਪਣੇ ਸਨਮੁੱਖ ਈਮਾਨ ਵਾਲਾ ਪਾਇਆ**। ਖ਼ੁਦਾ ਦੀ ਧਾਰਮਿਕਤਾ ਦੇ ਨਾਲ ਨਾਲ ਅਬਰਾਹਾਮ ਦੀ ਈਮਾਨਦਾਰੀ ਕਰਕੇ ਇਸਰਾਏਲੀਆਂ ਨੂੰ ਧਰਤੀ ਵਿਚ ਰਹਿਣਾ ਮਿਲਿਆ, ਬਿਲਕੁਲ ਉਵੇਂ ਜਿਵੇਂ ਅਗਲੀਆਂ ਪੀੜ੍ਹੀਆਂ ਦੀ ਬੇਈਮਾਨੀ ਕਰਕੇ ਉਨ੍ਹਾਂ ਨੂੰ ਉਸ ਧਰਤੀ ਵਿੱਚੋਂ ਨਿੱਕਲਣਾ ਪਿਆ। ਇਸਰਾਏਲ ਦੇ ਇਤਹਾਸ ਦੀ ਇਸ ਸਮੀਖਿਆ ਵਿਚ ਸਿਰਫ਼ ਅਬਰਾਹਾਮ ਇਕੱਲਾ ਮਨੁੱਖ ਸੀ ਜਿਹਨੂੰ ‘‘ਈਮਾਨਦਾਰ’’ ਆਖਿਆ ਗਿਆ ਹੈ (ਭਾਂਵੇਂ ਇਹ ਹਵਾਲਾ ਮੂਸਾ ਅਤੇ ਨਬੀਆਂ ਲਈ ਇਹੀ ਗੱਲ ਆਖਦਾ ਹੈ)।

**ਮਿਸਰ ਵਿੱਚੋਂ ਨਿੱਕਲਣਾ** (9:9-12)

**[9]ਤੂੰ ਸਾਡੇ ਪਿਉ ਦਾਦਿਆਂ ਦੀ ਬਿਪਤਾ ਨੂੰ ਮਿਸਰ ਵਿਚ ਵੇਖਿਆ ਅਤੇ ਤੂੰ ਲਾਲ ਸਮੁੰਦਰ ਉੱਤੇ ਉਨ੍ਹਾਂ ਦੀ ਦੁਹਾਈ ਸੁਣੀ [10]ਅਤੇ ਫ਼ਿਰਊਨ ਦੇ ਉੱਤੇ ਅਤੇ ਉਸ ਦੇ ਸਾਰੇ ਟਹਿਲੂਆਂ ਉੱਤੇ ਅਤੇ ਉਸ ਦੇ ਦੇਸ ਦੀ ਸਾਰੀ ਰਈਅਤ ਉੱਤੇ ਨਿਸ਼ਾਨ ਅਤੇ ਅਸਚਰਜ ਕੰਮ ਵਿਖਾਏ ਕਿਉਂਕਿ ਤੂੰ ਜਾਣਦਾ ਸੈਂ ਕਿ ਓਨ੍ਹਾਂ ਨੇ ਉਨ੍ਹਾਂ ਦੇ ਵਿਰੁੱਧ ਹੰਕਾਰ ਨਾਲ ਵਰਤਾਓ ਕੀਤਾ ਸੋ ਤੂੰ ਆਪਣੇ ਲਈ ਇਕ ਨਾਮ ਬਣਾਇਆ ਜਿਵੇਂ ਅੱਜ ਦੇ ਦਿਨ ਹੈ [11]ਅਤੇ ਮੈਂ ਉਨ੍ਹਾਂ ਦੇ ਅੱਗੋਂ ਸਮੁੰਦਰ ਨੂੰ ਦੋ ਭਾਗ ਕਰ ਦਿੱਤਾ ਅਤੇ ਓਹ ਸਮੁੰਦਰ ਦੇ ਵਿਚ ਦੀ ਸੁੱਕੀ ਧਰਤੀ ਤੇ ਲੰਘੇ ਅਤੇ ਉਨ੍ਹਾਂ ਦਾ ਪਿੱਛਾ ਕਰਨ ਵਾਲਿਆਂ ਨੂੰ ਤੈਂ ਡੂੰਘਿਆਈ ਵਿਚ ਇਉਂ ਸੁੱਟਿਆ ਜਿਵੇਂ ਪੱਥਰ ਵੱਡਿਆਂ ਪਾਣੀਆਂ ਵਿਚ [12]ਤੂੰ ਦਿਨ ਨੂੰ ਬੱਦਲ ਦੇ ਥੰਮ੍ਹ ਵਿਚ ਅਤੇ ਰਾਤ ਨੂੰ ਅੱਗ ਦੇ ਥੰਮ੍ਹ ਵਿਚ ਉਨ੍ਹਾਂ ਦੀ ਅਗਵਾਈ ਕੀਤੀ ਤਾਂ ਜੋ ਉਸ ਰਾਹ ਵਿਚ ਜਿਹ ਦੇ ਵਿਚ ਓਹ ਚੱਲਦੇ ਸਨ ਉਨ੍ਹਾਂ ਲਈ ਚਾਨਣ ਹੋਵੇ।**

**ਆਇਤ 9.** ਉਤਪਤ ਦੀ ਕਿਤਾਬ ਵਿਚਲੀ ਕਹਾਣੀ ਤੋਂ ਕੂਚ ਵੱਲ ਅੱਗੇ ਵਧਦਿਆਂ, ਦੁਆ ਵਿਚ ਯਾਦ ਕੀਤਾ ਗਿਆ ਕਿ ਖ਼ੁਦਾ ਦੀ ਕਿਰਪਾ ਆਪਣੇ ਲੋਕਾਂ ਨੂੰ **ਮਿਸਰ** ਵਿੱਚੋਂ ਕੱਢਣ ਵਿਚ ਵਿਖਾਈ ਗਈ ਸੀ। ਇੱਥੇ ਯਹੂਦੀਆਂ ਦੇ ਵਢੇਰਿਆਂ ਉੱਤੇ ਕੋਈ ਇਲਜ਼ਾਮ ਨਹੀਂ ਲਾਇਆ ਗਿਆ ਸੀ ਭਾਵੇਂ ਦੁਆ ਵਿਚ ਉਨ੍ਹਾਂ ਦੀ ਬੇਵਫ਼ਾਈ ਦੀ ਗੱਲ ਨਹੀਂ ਕੀਤੀ ਗਈ। ਇਸ ਵਿਚ ਇਹ ਜ਼ਰੂਰ ਕਿਹਾ ਗਿਆ ਕਿ ਲੋਕਾਂ ਨੂੰ ਤਕਲੀਫ਼ ਹੋਈ ਪਰ ਉਨ੍ਹਾਂ ਦੇ ਪਾਪਾਂ ਦੀ ਗੱਲ ਨਹੀਂ ਕੀਤੀ ਗਈ। ਖ਼ੁਦਾ ਨੇ ਮਿਸਰ ਵਿਚ ਉਨ੍ਹਾਂ ਦੀ **ਬਿਪਤਾ** ਨੂੰ **ਵੇਖਿਆ** (ਕੂਚ 2:23–25; 3:7; 4:31), ਜਦ ਉਹ **ਲਾਲ ਸਮੁੰਦਰ** ਦੇ ਕੋਲ ਫਸ ਗਏ ਸਨ (ਕੂਚ 14:1–14), ਤਾਂ ਉਸ ਨੇ **ਉਨ੍ਹਾਂ ਦੀ ਦੁਹਾਈ ਸੁਣੀ** ਅਤੇ ਉਨ੍ਹਾਂ ਨੂੰ ਕੱਢਿਆ।

**ਆਇਤ 10.** ਇਸਰਾਏਲ ਦੇ ਛੁਟਕਾਰੇ ਵਿਚ ਖ਼ੁਦਾ ਵੱਲੋਂ **ਫ਼ਿਰਊਨ ਦੇ ਉੱਤੇ ਅਤੇ ਉਸ ਦੇ ਸਾਰੇ ਟਹਿਲੂਆਂ ਉੱਤੇ ਅਤੇ ਉਸ ਦੇ ਦੇਸ ਦੀ ਸਾਰੀ ਰਈਅਤ ਉੱਤੇ ਨਿਸ਼ਾਨ ਅਤੇ ਅਸਚਰਜ ਕੰਮ** ਵਿਖਾਉਣਾ ਬੇਸ਼ੱਕ ਮਿਸਰੀਆਂ ਉੱਤੇ ਘੱਲੀਆਂ ਗਈਆਂ ਦਸ ਆਫ਼ਤਾਂ ਨੂੰ ਕਿਹਾ ਗਿਆ ਹੈ (ਕੂਚ 7:1—12:36)। ਸਮਰਥਾ ਦੇ ਇਨ੍ਹਾਂ ਕੰਮਾਂ ਦੇ ਰਾਹੀਂ ਖ਼ੁਦਾ ਨੇ ਮਿਸਰੀਆਂ ਦੇ ਹੰਕਾਰ ਨੂੰ ਸਜ਼ਾ ਵੀ ਦਿੱਤੀ ਅਤੇ ਆਪਣੇ ਲਈ **ਇਕ ਨਾਮ ਬਣਾਇਆ** (ਕੂਚ 9:16; ਯਿਰਮਿਯਾਹ 32:20)। ਉਹਦੇ ਬਾਅਦ ਤੋਂ ਬਾਅਦ ਇਸਰਾਏਲੀਆਂ ਅਤੇ ਕੌਮਾਂ ਨੇ ਯਾਹਵੇਹ, ਪ੍ਰਭੂ, ਇਸਰਾਏਲ ਦੇ ਪਰਮੇਸ਼ੁਰ ਨੂੰ ਉਸ ਮਹਾਨ ਪਰਮੇਸ਼ੁਰ ਦੇ ਰੂਪ ਵਿਚ ਯਾਦ ਕਰਨਾ ਸੀ ਜਿਸ ਨੇ ਮਿਸਰ ਨੂੰ ਹਰਾ ਕੇ ਇਸਰਾਏਲੀਆਂ ਨੂੰ ਕੱਢਿਆ ਸੀ।

**ਆਇਤ 11.** ਇਸ ਤੋਂ ਇਲਾਵਾ ਖ਼ੁਦਾ ਨੇ ਆਪਣੇ ਲੋਕਾਂ ਨੂੰ ਬਚਾਉਣ ਅਤੇ ਮਿਸਰ ਦੀ ਫ਼ੌਜ ਨੂੰ ਤਬਾਹ ਕਰਨ ਲਈ ਲਾਲ ਸਮੁੰਦਰ ਨੂੰ ਦੋ ਹਿੱਸੇ ਕਰਕੇ ਆਪਣੀ ਸ਼ਕਤੀ ਅਤੇ ਤਰਸ ਨੂੰ ਵਿਖਾਇਆ। ਇਸਰਾਏਲੀ ਸੁਰੱਖਿਅਤ **ਸਮੁੰਦਰ ਦੇ ਵਿਚ ਦੀ ਸੁੱਕੀ ਧਰਤੀ ਤੇ ਲੰਘੇ** ਜਦ ਕਿ ਮਿਸਰੀਆਂ ਨੂੰ **ਡੂੰਘਿਆਈ ਵਿਚ ਸੁੱਟਿਆ** ਗਿਆ ਅਤੇ ਉਹ ਡੁੱਬ ਗਏ (ਕੂਚ 14:15—15:21)।

**ਆਇਤ 12.** ਖ਼ੁਦਾ ਨੇ ਆਪਣੀ ਸਮਰਥਾ ਨੂੰ ਹੋਰ ਵੀ ਵਿਖਾਇਆ ਜਦ ਉਸਨੇ ਉਜਾੜ ਦੇ ਵਿੱਚੋਂ ਦੀ ਇਸਰਾਏਲੀਆਂ **ਦੀ ਅਗਵਾਈ ਕੀਤੀ। ਦਿਨ** ਦੇ ਵੇਲੇ **ਬੱਦਲ ਦੇ ਥੰਮ੍ਹ** ਅਤੇ **ਰਾਤ** ਦੇ ਵੇਲੇ **ਅੱਗ ਦੇ ਥੰਮ੍ਹ** ਦੇ ਰਾਹੀਂ ਉਹ ਉਨ੍ਹਾਂ ਦੀ ਅਗਵਾਈ ਕਰਦਾ ਸੀ (ਕੂਚ 13:21, 22; 40:36, 37; ਗਿਣਤੀ 9:15–23)।

### ਸ਼ਰ੍ਹਾ ਦਾ ਦਿੱਤਾ ਜਾਣਾ (9:13, 14)

**[13]ਅਤੇ ਤੂੰ ਸੀਨਈ ਪਹਾੜ ਉੱਤੇ ਉਤ੍ਰਿਆ ਅਤੇ ਅਕਾਸ਼ ਵਿੱਚੋਂ ਉਨ੍ਹਾਂ ਨਾਲ ਗੱਲਾਂ ਕੀਤੀਆਂ ਅਤੇ ਸਿੱਧੇ ਨਿਆਉਂ, ਸੱਚੀਆਂ ਬਿਵਸਥਾਂ ਅਰ ਚੰਗੀਆਂ ਬਿਧੀਆਂ ਤੇ ਹੁਕਮ ਉਨ੍ਹਾਂ ਨੂੰ ਦਿੱਤੇ [14]ਅਤੇ ਉਨ੍ਹਾਂ ਨੂੰ ਆਪਣੇ ਪਵਿੱਤਰ ਸੱਬਤ ਤੋਂ ਜਾਣੂ ਕਰਾਇਆ ਅਤੇ ਹੁਕਮ ਅਰ ਬਿਧੀਆਂ ਅਰ ਬਿਵਸਥਾ ਦਾ ਤੈਂ ਆਪਣੇ ਦਾਸ ਮੂਸਾ ਦੇ ਰਾਹੀਂ ਉਨ੍ਹਾਂ ਨੂੰ ਹੁਕਮ ਦਿੱਤਾ।**

**ਆਇਤਾਂ 13, 14.** ਮਿਸਰ ਵਿੱਚੋਂ ਅਤੇ ਲਾਲ ਸਮੁੰਦਰ ਦੇ ਵਿੱਚੋਂ ਦੀ ਕੱਢੇ ਜਾਣ ਤੋਂ ਬਾਅਦ ਇਸਰਾਏਲੀ **ਸੀਨਈ ਪਹਾੜ** ਵੱਲ ਗਏ (ਕੂਚ 19:1, 2)। ਉੱਥੇ, ਚਾਲੀ ਕੁ ਦਿਨਾਂ ਬਾਅਦ ਖ਼ੁਦਾ ਨੇ ਉਨ੍ਹਾਂ ਨੂੰ ਮੂਸਾ ਦੀ ਸ਼ਰ੍ਹਾ ਦਿੱਤੀ।[11] ਸ਼ਰ੍ਹਾ ਦੇ ਦਿੱਤੇ ਜਾਣ ਤੋਂ ਪਹਿਲਾਂ ਖ਼ੁਦਾ ਵੱਲੋਂ ਆਪਣੇ ਆਪ ਨੂੰ ਜ਼ਾਹਿਰ ਕਰਕੇ ਨੇਮ ਬੰਨ੍ਹਿਆ ਗਿਆ (ਕੂਚ 19 ਵਿਚ ਵਿਸਤਾਰ ਦਿੱਤਾ ਗਿਆ ਪਰ ਸਿੱਧੇ ਤੌਰ ਤੇ ਨਹਮਯਾਹ ਵਿਚ ਇਸ ਦੀ ਗੱਲ ਨਹੀਂ ਕੀਤੀ ਗਈ) ਅਤੇ ਉਸ ਤੋਂ ਬਾਅਦ ਸ਼ਰ੍ਹਾ ਦਿੱਤੀ ਗਈ। ਉਹ ''ਬੱਦਲ'' ਵਿਚ ''ਗਰਜ ਅਤੇ ਚਮਕ'' ਵਿਚ, ''ਅੱਗ'' ਵਿਚ ਅਤੇ ''ਧੂਏਂ'' ਵਿਚ, ''ਤੁਰ੍ਹੀ ਦੀ ਅਵਾਜ਼'' ਵਿਚ ਅਤੇ ਭੂਚਾਲ ਵਿਚ ਆਪਣੇ ਲੋਕਾਂ ਉੱਤੇ ਪਰਗਟ ਹੋਇਆ (ਕੂਚ 19:16–19)।

ਸ਼ਰ੍ਹਾ ਨੂੰ **ਸਿੱਧੇ ਨਿਆਉਂ, ਸੱਚੀਆਂ ਬਿਵਸਥਾਂ ਅਰ ਚੰਗੀਆਂ ਬਿਧੀਆਂ ਤੇ ਹੁਕਮਾਂ** ਵਾਲੀ ਦੱਸਿਆ ਗਿਆ। ਇਹ ਖ਼ੁਦਾ ਵੱਲੋਂ ਇਕ ਤੋਹਫ਼ਾ ਸੀ ਜਿਹੜਾ ਉਹਦੀ ਕਿਰਪਾ ਨੂੰ ਵਿਖਾਉਂਦਾ ਸੀ। **ਹੁਕਮ ਅਰ ਬਿਧੀਆਂ ਅਰ ਬਿਵਸਥਾ** ਵਾਕ ਅੰਸ਼ ਸੰਭਵ ਤੌਰ ਤੇ ਇਹ ਸੰਕੇਤ ਦਿੰਦਾ ਹੈ ਕਿ **ਮੂਸਾ** ਦੀਆਂ ਕਿਤਾਬਾਂ ਵਿਚਲੀ ਸਾਰੀ ਸ਼ਰ੍ਹਾ, ਜਾਂ ਤੁਰੇਤ ਜਿਸ ਨੂੰ ਪੰਚਗ੍ਰੰਥ ਵੀ ਕਿਹਾ ਜਾਂਦਾ ਹੈ, ਖ਼ੁਦਾ ਵੱਲੋਂ ਮਿਲੀ ਸੀ।

ਉਚੇਚੇ ਜ਼ਿਕਰ (ਅਤੇ ਬਾਕੀ ਦੀ ਸ਼ਰ੍ਹਾ ਨੂੰ ਦਰਸਾਉਣ) ਲਈ ਚੁਣਿਆ ਗਿਆ **ਪਵਿੱਤਰ ਸੱਬਤ** ਦਾ ਨਿਯਮ ਸੀ। ਇਹ ਚੋਣ ਖ਼ੁਦਾ ਵੱਲੋਂ ਸ਼ਰ੍ਹਾ ਦੀਆਂ ਕਿਤਾਬਾਂ ਵਿਚ ਸਤਵੇਂ ਦਿਨ ਦਿੱਤੇ ਗਏ।[12] ਅਤੇ ਅਸੀਰੀ ਤੋਂ ਬਾਅਦ ਦੇ ਸਮਿਆਂ ਵਿਚ ਯਹੂਦੀਆਂ ਵੱਲੋਂ ਇਸ ਨੂੰ ਦਿੱਤੇ ਗਏ ਮਹੱਤਵ ਨੂੰ ਦਰਸਾਉਂਦੀ ਹੈ। ਦਿੱਤਾ ਗਿਆ ਇਹ ਜ਼ੋਰ ਅਜ਼ਰਾ ਅਤੇ ਨਹਮਯਾਹ ਵਿਚ ਅਤੇ ਇੰਜੀਲ ਦੇ ਬਾਅਦ ਦੇ ਵਿਰਤਾਂਤਾਂ ਵਿਚ ਵੀ ਸਾਫ਼ ਮਿਲਦਾ ਹੈ। ਇਹ ਸਮਝਿਆ ਜਾ ਸਕਦਾ ਹੈ ਕਿ ਯਹੂਦੀਆਂ ਦੇ ਦੁਨੀਆਂ ਵਿਚ ਫੈਲਣ ਅਤੇ ਗੈਰਕੌਮਾਂ ਦੇ ਆਪਣੇ ਦੇਸ਼ ਵਿਚ ਵੀ ਉਨ੍ਹਾਂ ਦੇ ਨਾਲ ਘੁਲ ਮਿਲ ਜਾਣ ਦੇ ਨਾਲ ਯਹੂਦੀ ਧਰਮ ਦੀ ਸਭ ਤੋਂ ਖ਼ਾਸ ਪਛਾਣ ਸੱਬਤ ਨੂੰ ਮਨਾਇਆ ਜਾਣ ਲੱਗਾ। ਉਸ ਪਵਿੱਤਰ ਦਿਹਾੜੇ ਨੂੰ ਮਨਾਇਆ ਜਾਣਾ ਯਹੂਦੀਆਂ ਨੂੰ ਦੂਜੀਆਂ ਸਭ ਕੌਮਾਂ ਨਾਲੋਂ ਵੱਖਰਾ ਕਰਦਾ ਸੀ।

ਉਜਾੜ ਵਿਚ ਭਟਕਣਾ (9: 15-21)

**15ਅਤੇ ਤੈਂ ਉਨ੍ਹਾਂ ਨੂੰ ਅਕਾਸ਼ ਤੋਂ ਉਨ੍ਹਾਂ ਦੀ ਭੁੱਖ ਲਈ ਰੋਟੀ ਦਿੱਤੀ ਅਤੇ ਉਨ੍ਹਾਂ ਦੀ ਤਿਹਾ ਲਈ
ਚਟਾਨ ਵਿੱਚੋਂ ਪਾਣੀ ਕੱਢਿਆ ਅਤੇ ਉਨ੍ਹਾਂ ਨੂੰ ਆਖਿਆ ਕਿ ਓਹ ਉਸ ਧਰਤੀ ਉੱਤੇ ਕਬਜ਼ਾ ਕਰਨ
ਲਈ ਜਾਣ ਜਿਹ ਦੇ ਉਨ੍ਹਾਂ ਨੂੰ ਦੇਣ ਦੀ ਸਹੁੰ ਤੈਂ ਖਾਧੀ ਸੀ 16ਪਰ ਉਨ੍ਹਾਂ ਨੇ ਤੇ ਸਾਡੇ ਪਿਉ ਦਾਦਿਆਂ
ਨੇ ਹੰਕਾਰ ਕੀਤਾ ਅਤੇ ਆਪਣੀਆਂ ਧੌਣਾਂ ਅਕੜਾ ਲਈਆਂ ਅਤੇ ਉਨ੍ਹਾਂ ਨੇ ਤੇਰੇ ਹੁਕਮਾਂ ਨੂੰ ਨਾ ਸੁਣਿਆਂ
17ਅਤੇ ਉਨ੍ਹਾਂ ਨੇ ਸੁਣਨ ਤੋਂ ਇਨਕਾਰ ਕੀਤਾ ਅਤੇ ਤੇਰੇ ਅਸਚਰਜ ਕੰਮਾਂ ਨੂੰ ਜਿਹੜੇ ਤੈਂ ਉਨ੍ਹਾਂ ਵਿਚ
ਕੀਤੇ ਚੇਤੇ ਨਾ ਰੱਖਿਆ ਪਰ ਆਪਣੀਆਂ ਧੌਣਾਂ ਨੂੰ ਅਕੜਾ ਲਿਆ ਅਤੇ ਉਨ੍ਹਾਂ ਨੇ ਆਪਣੇ ਆਕੀਪੁਣੇ
ਵਿਚ ਇਕ ਮੁਖੀਆ ਬਣਾਇਆ ਜੋ ਉਨ੍ਹਾਂ ਨੂੰ ਮੁੜ ਗੁਲਾਮੀ ਵਿਚ ਲਿਆਵੇ ਪਰ ਤੂੰ ਇਕ ਖਿਮਾ ਕਰਨ
ਵਾਲਾ ਪਰਮੇਸ਼ੁਰ ਹੈਂ, ਦਿਆਲੂ ਤੇ ਕਿਰਪਾਲੂ ਹੈਂ ਅਤੇ ਕਹਿਰ ਵਿਚ ਧੀਰਜਵਾਨ ਅਤੇ ਨੇਕੀ ਨਾਲ
ਭਰਪੂਰ ਹੈਂ ਸੋ ਤੂੰ ਉਨ੍ਹਾਂ ਨੂੰ ਵਿਸਾਰਿਆ ਨਹੀਂ 18ਹਾਂ, ਜਦ ਉਨ੍ਹਾਂ ਨੇ ਆਪਣੇ ਲਈ ਇਕ ਢਾਲਿਆ
ਹੋਇਆ ਵੱਛਾ ਬਣਾਇਆ ਅਤੇ ਆਖਿਆ, ਇਹ ਤੇਰਾ ਪਰਮੇਸ਼ੁਰ ਹੈ ਜਿਹੜਾ ਤੈਨੂੰ ਮਿਸਰ ਵਿੱਚੋਂ
ਉਤਾਹਾਂ ਲਿਆਇਆ ! ਅਤੇ ਉਨ੍ਹਾਂ ਨੇ ਛੇੜ ਖਾਨੀ ਦੇ ਵੱਡੇ ਵੱਡੇ ਕੰਮ ਕੀਤੇ 19ਤਦ ਵੀ ਤੈਂ ਆਪਣੀ
ਬਹੁਤੀ ਦਿਆਲਤਾ ਵਿਚ ਉਨ੍ਹਾਂ ਨੂੰ ਉਜਾੜ ਵਿਚ ਨਹੀਂ ਤਿਆਗਿਆ। ਦਿਨ ਨੂੰ ਬੱਦਲ ਦਾ ਥੰਮ੍ਹ ਰਾਹ
ਵਿਚ ਉਨ੍ਹਾਂ ਦੀ ਅਗਵਾਈ ਕਰਨ ਤੋਂ ਅਤੇ ਰਾਤ ਨੂੰ ਅੱਗ ਦਾ ਥੰਮ੍ਹ ਉਨ੍ਹਾਂ ਦੇ ਰਾਹ ਵਿਚ ਚਾਨਣ ਦੇਣ
ਤੋਂ ਅੱਡ ਨਾ ਹੋਇਆ 20ਅਤੇ ਤੈਂ ਆਪਣੀ ਨੇਕ ਆਤਮਾ ਉਨ੍ਹਾਂ ਦੀ ਸਿਖਸ਼ਾ ਲਈ ਦਿੱਤੀ ਅਤੇ ਆਪਣਾ
ਮੰਨ ਉਨ੍ਹਾਂ ਦੇ ਮੂੰਹ ਤੋਂ ਨਾ ਰੋਕਿਆ ਅਤੇ ਜਲ ਉਨ੍ਹਾਂ ਦੀ ਤਿਹਾ ਲਈ ਦਿੱਤਾ 21ਚਾਲੀ ਵਰ੍ਹੇ ਤੈਂ ਉਨ੍ਹਾਂ
ਦੀ ਉਜਾੜ ਵਿਚ ਪਾਲਣਾ ਕੀਤੀ ਅਤੇ ਉਨ੍ਹਾਂ ਨੂੰ ਕਿਸੇ ਚੀਜ਼ ਦੀ ਥੁੜੋਂ ਨਾ ਰਹੀ ਨਾ ਉਨ੍ਹਾਂ ਦੇ ਕੱਪੜੇ
ਪੁਰਾਣੇ ਹੋਏ ਨਾ ਉਨ੍ਹਾਂ ਦੇ ਪੈਰ ਸੁੱਜੇ।**

ਦੁਆ ਵਿਚ ਅੱਗੇ ਇਸਰਾਏਲੀਆਂ ਦੇ ਉਜਾੜ ਵਿਚ ਗੁਜ਼ਾਰੇ ਚਾਲੀ ਸਾਲਾਂ ਦੌਰਾਨ ਹੋਏ ਤਜਰਬਿਆਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਕਹਾਣੀ ਅੱਗੇ ਦੱਸੀ ਗਈ। ਇਸ ਵਿਚ ਇਕ ਨਵੀਂ ਗੱਲ ਵੀ ਜੋੜੀ ਗਈ, ਜਿਸ ਵਿਚ ਖ਼ੁਦਾ ਦੀ ਭਲਿਆਈ ਅਤੇ ਮਨੁੱਖ ਦੇ ਪਾਪੀ ਹੋਣ ਨਾਲੋਂ ਉਹਦੇ ਤਰਸ ਨੂੰ ਫ਼ਰਕ ਕੀਤਾ ਗਿਆ।

9: 15–21 ਵਿਚ ਉਜਾੜ ਵਿਚਲੀਆਂ ਭਟਕਣਾਂ ਦੀ ਸਮੀਖਿਆ ਨੂੰ ਤਿੰਨ ਹਿੱਸਿਆਂ ਵਾਲੇ ਕਿਆਜ਼ਮ ਵਿਚ ਤਰਤੀਬਬੱਧ ਕੀਤਾ ਜਾ ਸਕਦਾ ਹੈ:

A1: ਉਜਾੜ ਵਿਚ ਖ਼ੁਦਾ ਵੱਲੋਂ ਇਸਰਾਏਲੀਆਂ ਦੀ ਦੇਖਭਾਲ (9: 15)।
- B: ਖ਼ੁਦਾ ਵੱਲੋਂ ਕੀਤੀ ਜਾਣ ਵਾਲੀ ਦੇਖਭਾਲ ਦੇ ਉਲਟ ਇਸਰਾਏਲੀਆਂ ਦੇ ਪਾਪ (9: 16–19), ਦੋ ਉਦਾਹਰਣਾਂ ਨਾਲ:
  - (1) ਕਨਾਨ ਵਿਚ ਵੜਨ ਤੋਂ ਇਨਕਾਰ (9: 16, 17);
  - (2) ਸੋਨੇ ਦੇ ਵੱਛੇ ਦੀ ਪੂਜਾ (9: 18, 19)।

A2: ਉਜਾੜ ਵਿਚ ਚਾਲੀ ਸਾਲਾਂ ਤਕ ਖ਼ੁਦਾ ਵੱਲੋਂ ਇਸਰਾਏਲੀਆਂ ਦੀ ਦੇਖਭਾਲ (9:20, 21)।

ਇਸ ਭਾਗ ਦਾ ਸਪੱਸ਼ਟ ਵਿਸ਼ਾ ਇਹ ਹੈ ਕਿ ਆਪਣੇ ਲੋਕਾਂ ਦੇ ਪਾਪੀ ਹੋਣ ਦੇ ਬਾਵਜੂਦ ਖ਼ੁਦਾ ਉਨ੍ਹਾਂ ਨਾਲ ਪਿਆਰ ਕਰਦਾ ਸੀ ਅਤੇ ਉਨ੍ਹਾਂ ਦੀ ਦੇਖਭਾਲ ਕਰਦਾ ਸੀ। ਇਸ ਵਿਚ ਵਿਚ ਮਿਲਣ ਵਾਲੀਆਂ ਉਦਾਹਰਣ ਨਾਲ ਸਬੰਧਿਤ ਦੋ ਦਿਲਚਸਪ ਗੱਲਾਂ ਹਨ। ਪਹਿਲੀ ਇਹ ਕਿ ਉਨ੍ਹਾਂ ਨੂੰ ਤਰਤੀਬਬੱਧ ਢੰਗ

ਨਾਲ ਨਹੀਂ ਲਿਖਿਆ ਗਿਆ। ਸੋਨੇ ਦੇ ਵੱਛੇ ਵਾਲੀ ਘਟਨਾ ਇਸਰਾਏਲੀਆਂ ਦੇ ਵਾਅਦੇ ਦੀ ਧਰਤੀ ਵਿਚ ਵੜਨ ਤੋਂ ਇਨਕਾਰ ਕਰਨ ਤੋਂ ਪਹਿਲਾਂ ਦੀ ਹੈ। ਦੂਜਾ, ਇਸ ਮਿਸਾਲ ਵਿਚ (ਅਗਲੀਆਂ ਮਿਸਾਲਾਂ ਦੇ ਉਲਟ) ਦੁਆ ਕਰਨ ਵਾਲੇ ਆਗੂ ਨੇ ਇਹ ਜ਼ਿਕਰ ਨਹੀਂ ਕੀਤਾ ਕਿ ਖ਼ੁਦਾ ਨੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਲਈ ਸਜ਼ਾ ਦਿੱਤੀ ਸੀ, ਜਿਨ੍ਹਾਂ ਦੇ ਉਹ ਨੇ ਸੰਕੇਤ ਦਿੱਤਾ। ਪਰ ਬਾਅਦ ਵਿਚ ਸਪੱਸ਼ਟ ਕਰਦਿਆਂ ਖ਼ੁਦਾ ਨੇ ''ਉਨ੍ਹਾਂ ਨੂੰ ਉਸ ਦੇਸ਼ ਵਿਚ ਲਿਆਂਦਾ'' ਜਿਸ ਦਾ ''ਉਨ੍ਹਾਂ ਦੇ ਪਿਉ ਦਾਦਿਆਂ ਨੂੰ ਆਖਿਆ ਸੀ ਕਿ ਉਹ ਜਾ ਕੇ ਉਹਦੇ ਉੱਤੇ ਕਬਜ਼ਾ ਕਰਨ'' (9:23), ਦੁਆ ਵਿਚ, ਵੜਨ ਤੋਂ ਇਨਕਾਰ ਕਰਨ ਵਾਲਿਆਂ ਨਾਲ ਖ਼ੁਦਾ ਦੀ ਨਰਾਜ਼ਗੀ ਅਤੇ ਉਨ੍ਹਾਂ ਨੂੰ ਮਿਲਣ ਵਾਲੀ ਸਜ਼ਾ ਦਾ ਸੰਕੇਤ ਹੈ।

**ਆਇਤ 15.** ਖ਼ੁਦਾ ਦੀ ਭਲਿਆਈ ਇਸਰਾਏਲੀਆਂ ਨੂੰ ਮਿਸਰ ਦੀ ਅਸੀਰੀ ਵਿੱਚੋਂ ਕੱਢਣ ਵਿਚ ਹੀ ਨਹੀਂ ਬਲਕਿ ਉਜਾੜ ਵਿਚ ਆਪਣੇ ਲੋਕਾਂ ਲਈ ਕੀਤੀ ਗਈ ਉਸਦੀ ਦੇਖਭਾਲ ਵਿਚ ਵੀ ਸਾਫ਼ ਮਿਲਦੀ ਸੀ। ਉਹ **ਉਨ੍ਹਾਂ ਦੀ ਭੁੱਖ ਲਈ ਰੋਟੀ** (''ਮੰਨ''; 9:20) ਅਤੇ **ਚੱਟਾਨ ਵਿੱਚੋਂ ਪਾਣੀ** ਦਿੰਦਾ ਰਿਹਾ। ਉਸ ਨੇ ਉਨ੍ਹਾਂ ਨੂੰ ਉਸ **ਧਰਤੀ ਉੱਤੇ ਕਬਜ਼ਾ ਕਰਨ** ਦਾ ਸੱਦਾ ਦਿੱਤਾ ਜਿਹਦਾ ਵਾਅਦਾ ਉਸ ਨੇ ਅਬਰਾਹਾਮ ਅਤੇ ਉਸ ਦੀ ਸੰਤਾਨ ਨਾਲ ਕੀਤਾ ਸੀ। ਵਚਨ ਦੱਸਦਾ ਹੈ ਕਿ ਖ਼ੁਦਾ ਨੇ ਇਸਰਾਏਲੀਆਂ ਨੂੰ ਦੇਸ਼ **ਦੇਣ ਦੀ ਸਹੁੰ ਖਾਧੀ** ਸੀ। ਅਨੁਵਾਦ ਹੋਏ ਵਾਕ ਅੰਸ਼ ''ਸਹੁੰ ਖਾਧੀ'' ਦਾ ਮੂਲ ਅਰਥ ਜਿਵੇਂ ਸਹੁੰ ਚੁੱਕਣ ਲੱਗਿਆਂ ਕੀਤਾ ਜਾਂਦਾ ਹੈ, ''ਤੁਹਾਡਾ ਹੱਥ ਉੱਤੇ ਚੁੱਕਿਆ *[yad, ਯਾਡ]*।''

**ਆਇਤ 16.** ਖ਼ੁਦਾ ਦੇ ਮੁਬਾਰਕ ਹੋਣ ਦੇ ਬਾਵਜੂਦ ਇਸਰਾਏਲੀਆਂ ਨੇ ਉਹਦੇ ਵਿਰੁੱਧ **ਹੰਕਾਰ ਕੀਤਾ** (ਵੇਖੋ 9:29), ਬਿਲਕੁਲ ਉਵੇਂ ਜਿਵੇਂ ਇਸਰਾਏਲੀਆਂ ਦੇ ਵਿਰੁੱਧ ਮਿਸਰੀਆਂ ਨੇ ਕੀਤਾ ਸੀ (9:10)। ''ਹੰਕਾਰ ਕੀਤਾ'' (*zid*, *ਜ਼ਿਡ* ਤੋਂ) ਦਾ ਅਨੁਵਾਦ ਢੀਠਪੁਣੇ ਨਾਲ ਕੰਮ ਕੀਤਾ (NRSV) ਅਤੇ ''ਹੰਕਾਰੇ ਗਏ'' (NIV) ਹੋਇਆ ਹੈ। ਐੱਫ਼. ਚਾਰਲਸ ਫੈਂਸ਼ਮ ਨੇ ਇਸ ਸ਼ਬਦ ਦਾ ਅਨੁਵਾਦ ''ਗੁਸਤਾਖ਼'' ਹੋ ਗਏ ਕੀਤਾ ਅਤੇ ਆਖਿਆ, ''ਇਸ ਦਾ ਮਤਲਬ ਕਿਸੇ ਦੀ ਵੀ ਬਿਲੁਕਲ ਲਾਪਰਵਾਹੀ ਕਰਨਾ ਹੈ। ਜੇ ਇਹ ਕੋਈ ਯਹੋਵਾਹ ਹੈ, ਤਾਂ ਉਨ੍ਹਾਂ ਦੇ ਅਪਰਾਧ ਦੀ ਗੰਭੀਰਤਾ ਸਾਫ਼ ਹੋ ਜਾਂਦੀ ਹੈ।''[13] ਇਸਰਾਏਲੀਆਂ ਨੇ **ਆਪਣੀਆਂ ਧੌਣਾਂ ਅਕੜਾ ਲਈਆਂ ਅਤੇ** *[ਖ਼ੁਦਾ ਦੇ]* **ਹੁਕਮਾਂ ਨੂੰ ਨਾ ਸੁਣਿਆ**। ਆਇਤ 17 ਵਿਚ ਅਸੀਂ ਇੱਥੇ ਦੋਵੇਂ ਥਾਂ ''ਧੌਣਾਂ ਨੂੰ ਅਕੜਾ ਲਿਆ'' ਦਾ ਮੂਲ ਅਰਥ ਹੈ ਕਿ ਆਕੜੇ ਹੋਏ ਬਲਦ ਵਾਂਗ ਜਿਹੜਾ ਓਧਰ ਨੂੰ ਨਾ ਜਾਣ ਦੀ ਜ਼ਿੱਦ ਕਰ ਰਿਹਾ ਹੁੰਦਾ ਹੈ ਜਿੱਧਰ ਨੂੰ ਉਹਨੂੰ ਲਿਜਾਇਆ ਜਾ ਰਿਹਾ ਹੋਵੇ, ਉਨ੍ਹਾਂ ਨੇ ''ਆਪਣੀਆਂ ਧੌਣਾਂ ਅਕੜਾ ਲਈਆਂ *[ʻorep, ਓਰੇਪ ਤੋਂ]*।''

**ਆਇਤ 17.** ਖ਼ਾਸ ਕਰਕੇ ਇਸਰਾਏਲੀਆਂ ਨੇ ਉਸ ਧਰਤੀ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਉਹਦੀ ਥਾਂ **ਇਕ ਮੁਖੀਆ ਬਣਾਇਆ**[14] ਜਿਹਨੇ **ਉਨ੍ਹਾਂ ਨੂੰ ਮੁੜ ਗੁਲਾਮੀ ਵਿਚ ਲਿਜਾਣਾ** ਸੀ।[15] ਉਹ ਭੁੱਲ ਗਏ ਸਨ ਕਿ ਅਖ਼ੀਰ ਵਿਚ ਖ਼ੁਦਾ ਨੇ ਉਨ੍ਹਾਂ ਨਾਲ ਕੀਤਾ ਸੀ। ਉਨ੍ਹਾਂ ਨੂੰ ਇਹ ਵਿਸ਼ਵਾਸ ਹੋਣਾ ਚਾਹੀਦਾ ਸੀ ਕਿ ਖ਼ੁਦਾ ਜਿਹੜਾ ਐਨਾ ਮਹਾਨ ਸੀ ਕਿ ਉਹ ਉਨ੍ਹਾਂ ਨੂੰ ਮਿਸਰੀਆਂ ਦੇ ਹੱਥੋਂ ਛੁੜਾ ਕੇ ਲਿਆਇਆ ਅਤੇ ਉਜਾੜ ਵਿਚ ਉਨ੍ਹਾਂ ਦੀ ਦੇਖਭਾਲ ਕੀਤੀ ਸੀ, ਐਨਾ ਮਹਾਨ ਵੀ ਸੀ ਕਿ ਉਹ ਉਨ੍ਹਾਂ ਨੂੰ ਕਨਾਨੀਆਂ ਉੱਤੇ ਫ਼ਤਹਿ ਦੁਆ ਦਿੰਦਾ, ਪਰ ਉਨ੍ਹਾਂ ਵਿਸ਼ਵਾਸ ਨਾ ਕੀਤਾ। ਉਹ ਭਾਵੇਂ ਬੇਈਮਾਨ ਸਨ, ਪਰ ਖ਼ੁਦਾ ਤਾਂ ਈਮਾਨਦਾਰ ਸੀ।

ਖ਼ੁਦਾ **ਖਿਮਾ ਕਰਨ ਵਾਲਾ ਪਰਮੇਸ਼ੁਰ, ਦਿਆਲੂ ਤੇ ਕਿਰਪਾਲੂ ਅਤੇ ਕਹਿਰ ਵਿਚ ਧੀਰਜਵਾਨ ਅਤੇ ਨੇਕੀ ਨਾਲ ਭਰਪੂਰ** ਸੀ ਅਤੇ ਹੈ (ਵੇਖੋ ਕੂਚ 34:6)। ਇਸ ਕਰਕੇ ਉਨ੍ਹਾਂ ਦੇ ਪਾਪਾਂ ਦੇ ਬਾਵਜੂਦ ਯਹੋਵਾਹ ਨੇ **ਉਨ੍ਹਾਂ ਨੂੰ ਵਿਸਾਰਿਆ ਨਹੀਂ**। ਉਸ ਨੇ ਇਸਰਾਏਲੀਆਂ ਨੂੰ ਉਜਾੜ ਵਿਚ ਤਿਆਗਿਆ ਨਹੀਂ। ਉਨ੍ਹਾਂ ਨੂੰ ਪਾਪਾਂ ਦੇ ਨਤੀਜੇ ਭੁਗਤਣੇ ਪਏ, ਫਿਰ ਵੀ ਖ਼ੁਦਾ ਨੇ ਉਜਾੜ ਵਿਚ ਉਨ੍ਹਾਂ ਦੇ ਭਟਕਣ ਦੌਰਾਨ ਉਨ੍ਹਾਂ ਦਾ ਪੂਰਾ ਧਿਆਨ ਰੱਖਿਆ।

**ਆਇਤ 18.** ਖ਼ੁਦਾ ਦੇ ਰਹਿਮ ਦੀ ਇਕ ਹੋਰ ਉਦਾਹਰਣ ਇਕ ਪਾਪ ਲਈ ਉਹਦੀ ਪ੍ਰਤੀਕਿਰਿਆ

ਵਿਚ ਮਿਲਦੀ ਹੈ ਜਿਸ ਨੂੰ ਉਹ ਵਾਅਦੇ ਦੀ ਧਰਤੀ ਵਿਚ ਵੜਨ ਤੋਂ ਉਨ੍ਹਾਂ ਦੇ ਇਕਰਾਰ ਨਾਲੋਂ ਵੀ ਮਾੜਾ ਮੰਨ ਸਕਦਾ ਸੀ: ਉਨ੍ਹਾਂ ਵੱਲੋਂ ਸੋਨੇ ਦੇ **ਵੱਛੇ** ਦੀ ਪੂਜਾ ਕਰਨਾ (ਕੂਚ 32:1–35)। ਲੋਕਾਂ ਨੇ ਕਿਸੇ ਚੀਜ਼ ਨੂੰ ਜਿਸ ਨੂੰ **ਢਾਲਿਆ ਹੋਇਆ** ਸੀ ਆਪਣਾ **ਪਰਮੇਸ਼ੁਰ** ਮੰਨ ਕੇ **ਜਿਹੜਾ** [ਉਨ੍ਹਾਂ ਨੂੰ] **ਮਿਸਰ ਵਿੱਚੋਂ ਉਤਾਹਾਂ ਲਿਆਇਆ** ਸੀ, **ਛੇੜਖਾਨੀ ਦੇ ਵੱਡੇ ਕੰਮ** [ਮੂਲ ਵਿਚ, ''ਹੱਤਕ ਦੇ ਕੰਮ''] **ਕੀਤੇ**।

**ਆਇਤਾਂ 19, 20.** ਫਿਰ ਵੀ ਖ਼ੁਦਾ ਨੇ **ਉਨ੍ਹਾਂ ਨੂੰ ਉਜਾੜ ਵਿਚ ਨਹੀਂ ਤਿਆਗਿਆ** ਭਾਂਵੇਂ ਉਸ ਨੇ ਤਿਆਗਣ ਦੀ ਧਮਕੀ ਦਿੱਤੀ ਸੀ (ਕੂਚ 32:9, 10)। ਉਹ ਉਨ੍ਹਾਂ ਦੀ ਦੇਖਭਾਲ ਉਵੇਂ ਹੀ ਕਰਦਾ ਰਿਹਾ ਜਿਵੇਂ ਉਨ੍ਹਾਂ ਦੇ ਪ੍ਰਵਾਸ ਦੇ ਸ਼ੁਰੂ ਤੋਂ ਕਰਦਾ ਸੀ। ਉਹ ਨਾ ਸਿਰਫ਼ **ਬੱਦਲ** ਅਤੇ **ਅੱਗ** ਦੇ ਰਾਹੀਂ **ਉਨ੍ਹਾਂ ਦੀ ਅਗਵਾਈ** ਕਰਦਾ ਸੀ ਬਲਕਿ ਉਨ੍ਹਾਂ ਨੂੰ ਉਨ੍ਹਾਂ ਲੋਕਾਂ ਦੇ ਰਾਹੀਂ ਜਿਨ੍ਹਾਂ ਨੂੰ ਉਹ ਪ੍ਰੇਰਣਾ ਦਿੰਦਾ ਸੀ, ਖ਼ਾਸ ਕਰਕੇ ਮੂਸਾ ਦੇ ਰਾਹੀਂ, **ਆਪਣੀ ਨੇਕ ਆਤਮਾ ਉਨ੍ਹਾਂ ਦੀ ਸ਼ਿਖਸ਼ਾ ਲਈ** ਦਿੰਦਾ ਸੀ। ਰੋਜ਼ ਉਹ ਉਨ੍ਹਾਂ ਦੇ ਜ਼ਿੰਦਾ ਰਹਿਣ ਲਈ **ਮੰਨ** (ਰੋਟੀ) ਅਤੇ **ਜਲ** ਮੁਹੱਈਆ ਕਰਵਾਉਂਦਾ ਸੀ।

**ਆਇਤ 21.** ਦੁਆ ਵਿਚ ਇਸਰਾਏਲੀਆਂ ਦੇ **ਉਜਾੜ** ਵਿਚਲੇ ਸੰਖੇਪ ਇਤਹਾਸ ਨੂੰ ਇਕ ਸਾਰ ਨਾਲ ਖ਼ਤਮ ਕਰ ਦਿੱਤਾ ਗਿਆ ਕਿ ਕਿਵੇਂ ਖ਼ੁਦਾ ਆਪਣੇ ਲੋਕਾਂ ਦੀ ਦੇਖਭਾਲ ਕਰਦਾ ਰਿਹਾ ਸੀ। **ਚਾਲੀ ਵਰ੍ਹੇ** [ਉਹ ਨੇ] **ਉਨ੍ਹਾਂ ਦੀ ਪਾਲਣਾ ਕੀਤੀ** ਤਾਂ ਜੋ ਉਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀ ਨਾ ਹੋਵੇ। **ਨਾ ਉਨ੍ਹਾਂ ਦੇ ਕੱਪੜੇ ਪੁਰਾਨੇ ਹੋਏ ਨਾ ਉਨ੍ਹਾਂ ਦੇ ਪੈਰ ਸੁੱਜੇ** (ਬਿਵਸਥਾ ਸਾਰ 8:4)। ਉਸ ਸਫ਼ਰ ਦੇ ਅਖ਼ੀਰ ਵਿਚ ਥਕਾਵਟ ਦੇ ਨਿਸ਼ਾਨ ਵੀ ਜਿਹੜੇ ਆਮ ਤੌਰ ਤੇ ਲੰਮੇ ਸਫ਼ਰ ਕਰਕੇ ਨਜ਼ਰ ਆਉਂਦੇ ਹਨ, ਬਿਲਕੁਲ ਨਹੀਂ ਸਨ।

### ਕਨਾਨ ਦੀ ਫ਼ਤਹਿ (9:22-25)

**[22]ਹੋਰ ਤੂੰ ਉਨ੍ਹਾਂ ਨੂੰ ਪਾਤਸ਼ਾਹੀਆਂ ਅਤੇ ਉੱਮਤਾਂ ਬਖ਼ਸ਼ੀਆਂ ਜਿਨ੍ਹਾਂ ਨੂੰ ਤੈਂ ਉਨ੍ਹਾਂ ਦੇ ਹਿੱਸਿਆਂ ਪਰਤੀ ਵੰਡ ਦਿੱਤਾ ਸੋ ਉਨ੍ਹਾਂ ਨੇ ਸੀਹੋਨ ਦੇ ਦੇਸ ਉੱਤੇ ਅਰ ਅਸ਼ਬੋਨ ਦੇ ਰਾਜਾ ਦੇ ਦੇਸ ਉੱਤੇ ਅਤੇ ਬਾਸ਼ਾਨ ਦੇ ਰਾਜਾ ਓਗ ਦੇ ਦੇਸ ਉੱਤੇ ਕਬਜ਼ਾ ਕਰ ਲਿਆ [23]ਅਤੇ ਤੂੰ ਉਨ੍ਹਾਂ ਦੀ ਵੰਸ ਨੂੰ ਅਕਾਸ਼ ਦੇ ਤਾਰਿਆਂ ਵਾਂਙੁ ਵਧਾਇਆ ਅਤੇ ਉਨ੍ਹਾਂ ਨੂੰ ਉਸ ਦੇਸ ਵਿਚ ਲਿਆਂਦਾ ਜਿਹਦੇ ਲਈ ਉਨ੍ਹਾਂ ਦੇ ਪਿਉ ਦਾਦਿਆਂ ਨੂੰ ਆਖਿਆ ਸੀ ਕਿ ਓਹ ਜਾ ਕੇ ਉਹ ਦੇ ਉੱਤੇ ਕਬਜ਼ਾ ਕਰਨ [24]ਸੋ ਉਨ੍ਹਾਂ ਦੀ ਵੰਸ ਨੇ ਆ ਕੇ ਉਸ ਦੇਸ ਉੱਤੇ ਕਬਜ਼ਾ ਕੀਤਾ ਅਤੇ ਤੈਂ ਉਨ੍ਹਾਂ ਦੇ ਅੱਗੇ ਉਸ ਦੇਸ ਦੇ ਵਾਸੀਆਂ ਨੂੰ ਅਰਥਾਤ ਕਨਾਨੀਆਂ ਨੂੰ ਅਧੀਨ ਕੀਤਾ ਅਤੇ ਉਨ੍ਹਾਂ ਦੇ ਪਾਤਸ਼ਾਹਾਂ ਨੂੰ ਅਤੇ ਉਸ ਦੇਸ ਦੀਆਂ ਉੱਮਤਾਂ ਨੂੰ ਉਨ੍ਹਾਂ ਦੇ ਹੱਥ ਵਿਚ ਦੇ ਦਿੱਤਾ ਭਈ ਓਹ ਜੋ ਚਾਹੁਣ ਉਨ੍ਹਾਂ ਨਾਲ ਕਰਨ [25]ਸੋ ਉਨ੍ਹਾਂ ਨੇ ਗੜ੍ਹਾਂ ਵਾਲੇ ਸ਼ਹਿਰਾਂ ਅਤੇ ਮੋਟੀ ਭੂਮੀ ਨੂੰ ਲੈ ਲਿਆ ਅਤੇ ਨਾਨਾ ਪਰਕਾਰ ਦੀਆਂ ਵਸਤੂਆਂ ਨਾਲ ਭਰੇ ਹੋਏ ਘਰਾਂ ਅਤੇ ਪੁੱਟੇ ਹੋਏ ਖੂਹਾਂ ਅਤੇ ਅੰਗੂਰੀ ਬਾਗਾਂ ਅਤੇ ਜ਼ੈਤੂਨ ਦੇ ਬਾਗਾਂ ਅਤੇ ਫਲ ਨਾਲ ਭਰੇ ਹੋਏ ਬਿਰਛਾਂ ਉੱਤੇ ਕਬਜ਼ਾ ਕਰ ਲਿਆ। ਫੇਰ ਓਹ ਖਾ ਕੇ ਰੱਜ ਗਏ ਅਤੇ ਮੋਟੇ ਹੋ ਗਏ ਅਤੇ ਤੇਰੀ ਵੱਡੀ ਭਲਿਆਈ ਦੇ ਕਾਰਣ ਪਰਸੰਨ ਹੋਏ**

**ਆਇਤਾਂ 22-25.** ਰੱਬੀ ਭਲਿਆਈ, ਜਿਹਾ ਕਿ ਕਨਾਨ ਦੀਆਂ ਕੌਮਾਂ ਉੱਤੇ ਇਸਰਾਏਲ ਦੀਆਂ ਜਿੱਤਾਂ ਤੋਂ ਪਤਾ ਲਗਦਾ ਹੈ, ਯਹੂਦਾਹ ਦੀ ਦੁਆ ਦੇ ਇਸ ਹਿੱਸੇ ਦਾ ਵਿਸ਼ਾ ਹੈ। ਵਾਅਦੇ ਦੀ ਧਰਤੀ ਉੱਤੇ ਇਸਰਾਏਲ ਦੀ ਫ਼ਤਹਿ ਦਾ ਬਾਈਬਲੀ ਵਿਰਤਾਂਤ ਗਿਣਤੀ 21 ਵਿਚ ਸ਼ੁਰੂ ਹੁੰਦਾ ਹੈ, ਜਿਸ ਵਿਚ **ਸੀਹੋਨ ਦੇ ਦੇਸ ਉੱਤੇ ਅਤੇ ਬਾਸ਼ਾਨ ਦੇ ਰਾਜਾ ਓਗ ਦੇ ਦੇਸ ਉੱਤੇ** ਉਨ੍ਹਾਂ ਦੀ ਫ਼ਤਹਿ ਦਾ ਵੇਰਵਾ ਹੈ ਅਤੇ ਫਿਰ ਇਹ ਯਹੋਸ਼ੁਆ ਦੀ ਕਿਤਾਬ ਵਿਚ ਜਾਰੀ ਰਹਿੰਦਾ ਹੈ। ਇਹ **ਪਾਤਸ਼ਾਹੀਆਂ ਅਤੇ ਉਮਤਾਂ** ਉੱਤੇ ਫ਼ਤਹਿ (9:22); ਅਬਰਾਹਾਮ ਨੂੰ ਦਿੱਤੇ ਯਹੋਵਾਹ ਦੇ ਵਾਅਦੇ ਮੁਤਾਬਕ ਵਾਅਦੇ ਦੇ **ਦੇਸ਼** ਉੱਤੇ ਕਬਜ਼ਾ ਅਤੇ ਅਬਰਾਹਾਮ ਦੀ ਸੰਤਾਨ ਦੇ ਵਧਣ (**ਅਕਾਸ਼ ਦੇ ਤਾਰਿਆਂ ਵਾਂਙੁ**) ਅਤੇ **ਕਨਾਨੀਆਂ**

(9:23) ਉੱਤੇ ਕਬਜ਼ਾ ਕਰਨ ਦੇ ਵੇਰਵੇ ਹਨ (9:24)। ਇਸ ਵਿਚ ਇਸਰਾਏਲੀਆਂ ਦੇ **ਗੜ੍ਹਾਂ ਵਾਲੇ ਸ਼ਹਿਰਾਂ ਅਤੇ ਮੋਟੀ ਭੂਮੀ ਨੂੰ ਲੈ ਲੈਣ ਅਤੇ ਨਾਨਾ ਪਰਕਾਰ ਦੀਆਂ ਵਸਤੂਆਂ ਨਾਲ ਭਰੇ ਹੋਏ ਘਰਾਂ ਅਤੇ ਪੁੱਟੇ ਹੋਏ ਖੂਹਾਂ ਅਤੇ ਅੰਗੂਰੀ ਬਾਗਾਂ ਅਤੇ ਜ਼ੈਤੂਨ ਦੇ ਬਾਗਾਂ ਅਤੇ ਫਲ ਨਾਲ ਭਰੇ ਹੋਏ ਬਿਰਛਾਂ ਉੱਤੇ ਕਬਜ਼ਾ ਕਰ** ਲੈਣ ਅਤੇ ਆਪਣੇ ਲਈ ਕਨਾਨੀਆਂ ਦੀ ਜਾਇਦਾਦ ਇਕੱਠੀ ਕਰਨ (9:25; ਵੇਖੋ ਬਿਵਸਥਾ ਸਾਰ 6:10, 11)।

ਪਰ ਇਹ ਪੈਰ੍ਹਾ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਬਹੁਤਾਇਤ ਦੀਆਂ ਇਨ੍ਹਾਂ ਬਰਕਤਾਂ ਨੇ ਉਨ੍ਹਾਂ ਲਈ ਠੋਕਰ ਦਾ ਕਾਰਣ ਬਣਨਾ ਸੀ, ਜਦ ਉਹ **ਖਾ ਕੇ ਰੱਜ ਗਏ ਅਤੇ ਮੋਟੇ ਹੋ ਗਏ ਅਤੇ** [ਪਰਮੇਸ਼ੁਰ ਦੀ] **ਵੱਡੀ ਭਲਿਆਈ ਦੇ ਕਾਰਣ ਪਰਸੰਨ ਹੋਏ** (9:25)। ਇਹ ਸ਼ਬਦ ਬਿਵਸਥਾ ਸਾਰ 8:10–20 ਵਿਚ ਮੂਸਾ ਦੀ ਚਿਤਾਵਨੀ ਦਾ ਚੇਤਾ ਕਰਾਉਂਦੇ ਹਨ ਜਦ ਉਸ ਨੇ ਇਹ ਨਬੂਵਤ ਕੀਤੀ ਸੀ ਕਿ ਕਿਵੇਂ, ਵਾਅਦੇ ਦੀ ਧਰਤੀ ਵਿਚ ਵੜਨ ਤੋਂ ਬਾਅਦ ਇਸਰਾਏਲੀਆਂ ਨੇ ''ਖਾ ਕੇ'' ''ਰੱਜ'' ਜਾਣ ਤੇ ''ਯਹੋਵਾਹ ਨੂੰ ਭੁੱਲ'' ਜਾਣਾ ਸੀ ਅਤੇ ਸਜ਼ਾ ਪਾਉਣੀ ਸੀ। ਅਸਲ ਵਿਚ ਦੇਸ਼ ਵਿਚਲੀਆਂ ਬਰਕਤਾਂ ਨਾਲ ਰੱਜ ਪੁੱਜ ਜਾਣ ਤੋਂ ਬਾਅਦ ਉਹ ਖ਼ੁਦਾ ਨੂੰ ਭੁੱਲ ਗਏ, ਜਿਵੇਂ ਕਿ ਦੁਆ ਵਿਚ ਅੱਗੇ ਇਸ ਦਾ ਇਕਰਾਰ ਕੀਤਾ ਗਿਆ।

### ਨਿਆਈਂ ਅਤੇ ਰਾਜੇ (9:26-31)

**[26]ਪਰ ਓਹ ਤੈਥੋਂ ਬੇਮੁਖ ਹੋ ਕੇ ਆਕੀ ਹੋ ਗਏ ਅਤੇ ਤੇਰੀ ਬਿਵਸਥਾ ਨੂੰ ਆਪਣੀ ਪਿੱਠ ਪਿੱਛੇ ਸੁੱਟ ਦਿੱਤਾ ਅਤੇ ਤੇਰੇ ਨਬੀਆਂ ਨੂੰ ਤਲਵਾਰ ਨਾਲ ਵੱਢ ਸੁੱਟਿਆ ਜਿਹੜੇ ਉਨ੍ਹਾਂ ਨੂੰ ਤੇਰੀ ਵੱਲ ਮੁੜਨ ਲਈ ਸਾਖੀ ਦਿੰਦੇ ਸਨ ਅਤੇ ਉਨ੍ਹਾਂ ਨੇ ਛੇੜ ਖਾਨੀ ਦੇ ਵੱਡੇ ਵੱਡੇ ਕੰਮ ਕੀਤੇ [27]ਤਦ ਤੂੰ ਉਨ੍ਹਾਂ ਨੂੰ ਉਨ੍ਹਾਂ ਦੇ ਵਿਰੋਧੀਆਂ ਦੇ ਹੱਥ ਦੇ ਦਿੱਤਾ ਜਿਨ੍ਹਾਂ ਨੇ ਉਨ੍ਹਾਂ ਨੂੰ ਸਤਾਇਆ ਅਤੇ ਜਿਸ ਵੇਲੇ ਉਨ੍ਹਾਂ ਨੇ ਦੁਖ ਵਿਚ ਤੇਰੇ ਅੱਗੇ ਦੁਹਾਈ ਦਿੱਤੀ ਤੈਂ ਅਕਾਸ਼ ਵਿੱਚੋਂ ਉਨ੍ਹਾਂ ਦੀ ਸੁਣੀ ਅਤੇ ਆਪਣੀ ਬਹੁਤੀ ਦਿਆਲਤਾ ਦੇ ਅਨੁਸਾਰ ਉਨ੍ਹਾਂ ਨੂੰ ਛੁਡਾਉਣ ਵਾਲੇ ਦਿੱਤੇ ਜਿਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਵਿਰੋਧੀਆਂ ਦੇ ਹੱਥੋਂ ਛੁਡਾਇਆ [28]ਪਰ ਜਦ ਉਨ੍ਹਾਂ ਨੂੰ ਅਰਾਮ ਮਿਲਿਆ ਤਦ ਉਨ੍ਹਾਂ ਫੇਰ ਤੇਰੇ ਅੱਗੇ ਬੁਰਿਆਈ ਕੀਤੀ ਇਸ ਲਈ ਤੈਂ ਉਨ੍ਹਾਂ ਨੂੰ ਉਨ੍ਹਾਂ ਦੇ ਵੈਰੀਆਂ ਦੇ ਹੱਥ ਵਿਚ ਦੇ ਦਿੱਤਾ ਭਈ ਓਹ ਉਨ੍ਹਾਂ ਉੱਤੇ ਰਾਜ ਕਰਨ ਪਰ ਜਦ ਓਹ ਮੁੜੇ ਅਤੇ ਤੇਰੀ ਦੁਹਾਈ ਦਿੱਤੀ ਤੈਂ ਅਕਾਸ਼ ਵਿੱਚੋਂ ਉਨ੍ਹਾਂ ਦੀ ਸੁਣੀ ਅਤੇ ਬਹੁਤੀ ਵਾਰ ਆਪਣੀ ਦਿਆਲਤਾ ਦੇ ਅਨੁਸਾਰ ਉਨ੍ਹਾਂ ਨੂੰ ਛੁਡਾਇਆ [29]ਅਤੇ ਤੂੰ ਉਨ੍ਹਾਂ ਦੇ ਵਿਰੁੱਧ ਗਵਾਹੀ ਦਿੱਤੀ ਤਾਂ ਜੋ ਤੂੰ ਉਨ੍ਹਾਂ ਨੂੰ ਆਪਣੀ ਬਿਵਸਥਾ ਦੇ ਵੱਲ ਮੋੜ ਲਿਆਵੇਂ ਪਰ ਉਨ੍ਹਾਂ ਨੇ ਹੰਕਾਰ ਕੀਤਾ ਅਤੇ ਤੇਰੇ ਹੁਕਮਾਂ ਨੂੰ ਨਾ ਸੁਣਿਆ ਅਤੇ ਨਿਆਵਾਂ ਦੇ ਵਿਰੁੱਧ ਪਾਪ ਕੀਤਾ, ਜਿਨ੍ਹਾਂ ਨੂੰ ਜੇ ਕੋਈ ਆਦਮੀ ਪੂਰਾ ਕਰੇ ਤਾਂ ਉਨ੍ਹਾਂ ਦੇ ਕਾਰਣ ਜੀਉਂਦਾ ਰਹੇ, ਅਤੇ ਆਪਣਿਆਂ ਮੋਢਿਆਂ ਨੂੰ ਖਿੱਚ ਕੇ ਆਪਣੀਆਂ ਧੌਣਾਂ ਅਕੜਾ ਲਈਆਂ ਅਤੇ ਉਨ੍ਹਾਂ ਨੇ ਨਾ ਸੁਣਿਆ [30]ਤਾਂ ਵੀ ਤੂੰ ਬਹੁਤਿਆਂ ਵਰ੍ਹਿਆਂ ਤੀਕ ਉਨ੍ਹਾਂ ਦੀਆਂ ਝੱਲਦਾ ਰਿਹਾ ਅਤੇ ਆਪਣੇ ਆਤਮਾ ਨਾਲ ਨਬੀਆਂ ਦੇ ਰਾਹੀਂ ਗਵਾਹੀ ਦਿੱਤੀ ਪਰ ਉਨ੍ਹਾਂ ਨੇ ਕੰਨ ਨਾ ਧਰਿਆ ਇਸ ਲਈ ਤੈਂ ਉਨ੍ਹਾਂ ਨੂੰ ਉਨ੍ਹਾਂ ਦੇਸਾਂ ਦੀਆਂ ਉੱਮਤਾਂ ਦੇ ਹੱਥ ਵਿਚ ਦੇ ਦਿੱਤਾ [31]ਤਾਂ ਵੀ ਤੈਂ ਆਪਣੀ ਵੱਡੀ ਦਿਆਲਤਾ ਦੇ ਕਾਰਣ ਉਨ੍ਹਾਂ ਨੂੰ ਉਕਾ ਹੀ ਨਾਸ ਹੋਣ ਲਈ ਛੱਡ ਨਾ ਦਿੱਤਾ ਕਿਉਂਕਿ ਤੂੰ ਹੀ ਦਿਆਲੂ ਤੇ ਕਿਰਪਾਲੂ ਪਰਮੇਸ਼ੁਰ ਹੈਂ।**

**ਆਇਤ 26.** ਇਹ ਆਇਤ ਇਸਰਾਏਲੀਆਂ ਦੇ ਕਨਾਨ ਵਿਚ ਵੜਨ ਤੋਂ ਬਾਅਦ ਦੀ ਬਗ਼ਾਵਤ ਨੂੰ ਸੰਖੇਪ ਵਿਚ ਦੱਸਦੀ ਹੈ। ਉਸ ਚੰਗੀ ਧਰਤੀ ਵਿਚ ਜਿਹੜੀ ਉਨ੍ਹਾਂ ਨੂੰ ਖ਼ੁਦਾ ਵੱਲੋਂ ਮਿਲੀ ਸੀ ''ਮੋਟੇ'' ਹੋ ਜਾਣ ਤੋਂ ਬਾਅਦ (9:25), ਲੋਕ **ਆਕੀ** ਅਤੇ ਬਾਗ਼ੀ **ਹੋ ਗਏ**। ਉਹ ਖ਼ੁਦਾ ਦੀ **ਬਿਵਸਥਾ** ਨੂੰ ਭੁੱਲ ਗਏ ਅਤੇ **ਉਨ੍ਹਾਂ ਨੇ ਛੇੜਖਾਨੀ ਦੇ ਵੱਡੇ ਵੱਡੇ ਕੰਮ ਕੀਤੇ**। 9:18 ਵਾਂਗ ਹੀ ''ਛੇੜਖਾਨੀ'' ਮੂਲ ਵਿਚ

''ਹੱਤਕ ਦੇ ਕੰਮ'' ਹੈ। ਲੈਸਲੀ ਸੀ. ਐਲਨ ਦਾ ਵਿਚਾਰ ਸੀ ਕਿ ਆਇਤ 18 ਦੇ ਉਲਟ ਆਇਤ 26 ਵਿਚ ''ਛੇੜਖਾਨੀ ਖ਼ੁਦਾ ਦੇ ਨਬੂਵਤੀ ਵਚਨ ਲਈ ਹੱਤਕ ਦੇ ਕੰਮਾਂ ਨੂੰ ਕਿਹਾ ਗਿਆ ਹੈ।''[16] ਲੋਕਾਂ ਨੇ ਉਨ੍ਹਾਂ ਨੂੰ ਨਕਾਰ ਕੇ ਜਿਨ੍ਹਾਂ ਨੂੰ ਸਮਝਾ ਕੇ ਖ਼ੁਦਾ ਵੱਲ ਮੋੜਨ ਲਈ ਭੇਜਿਆ ਗਿਆ ਸੀ, ਪਾਪ ਕੀਤਾ ਕਿਉਂ ਜੋ ਉਨ੍ਹਾਂ ਨੇ ਤਾਂ ਖ਼ੁਦਾ ਦੇ **ਨਬੀਆਂ** ਨੂੰ ਕਤਲ ਵੀ ਕਰ ਦਿੱਤਾ।

**ਆਇਤਾਂ 27-29.** ਉਨ੍ਹਾਂ ਦੇ ਪਾਪਾਂ ਦੇ ਨਤੀਜੇ ਵਜੋਂ ਖ਼ੁਦਾ ਨੇ ਆਪਣੇ ਲੋਕਾਂ ਨੂੰ ਸਜ਼ਾ ਦਿੱਤੀ। ਪਹਿਲੀ ਵਾਰ ਅਧਿਆਇ ਵਿਚ ਖ਼ੁਦਾ ਦੀ ਸਜ਼ਾ ਦੀ ਗੱਲ ਹੈ ਕਿ ਉਸ ਨੇ **ਉਨ੍ਹਾਂ ਨੂੰ ਉਨ੍ਹਾਂ ਦੇ ਵਿਰੋਧੀਆਂ ਦੇ ਹੱਥ ਦੇ ਦਿੱਤਾ**। ਪਰ ਕਹਾਣੀ ਇੱਥੇ ਹੀ ਨਹੀਂ ਮੁੱਕ ਜਾਂਦੀ; ਇਸਦੀ ਬਜਾਇ ਯਹੂਦੀਆਂ ਨੇ ਯਹੋਵਾਹ ਅੱਗੇ **ਦੁਹਾਈ ਦਿੱਤੀ**, ਜਿਸ ਨੇ **ਅਕਾਸ਼ ਵਿੱਚੋਂ ਉਨ੍ਹਾਂ ਦੀ ਸੁਣੀ** ਅਤੇ **ਉਨ੍ਹਾਂ ਨੂੰ ਛੁਡਾਉਣ ਵਾਲੇ ਦਿੱਤੇ ਜਿਨ੍ਹਾਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਵਿਰੋਧੀਆਂ ਦੇ ਹੱਥੋਂ ਛੁਡਾਇਆ**। ਇਹੀ ਕਹਾਣੀ ਬਾਰ-ਬਾਰ ਦੁਹਰਾਈ ਕਿਉਂਕਿ ਇਸਰਾਏਲੀਆਂ ਨੇ **ਫੇਰ ਬੁਰਿਆਈ ਕੀਤੀ**, ਫੇਰ ਉਨ੍ਹਾਂ ਨੂੰ **ਉਨ੍ਹਾਂ ਦੇ ਵੈਰੀਆਂ ਦੇ ਹੱਥ ਵਿਚ ਦੇ ਦਿੱਤਾ** ਦੇ ਦਿੱਤਾ ਗਿਆ, ਫੇਰ ਉਨ੍ਹਾਂ ਖ਼ੁਦਾ ਦੇ ਅੱਗੇ **ਦੁਹਾਈ ਦਿੱਤੀ** ਅਤੇ ਫੇਰ ਉਸ ਨੇ ਉਨ੍ਹਾਂ ਨੂੰ **ਛੁਡਾਇਆ**।

ਯਹੋਵਾਹ ਨੇ **ਉਨ੍ਹਾਂ ਦੇ ਵਿਰੁੱਧ ਗਵਾਹੀ ਦਿੱਤੀ ਤਾਂ ਜੋ** ਉਹ **ਉਨ੍ਹਾਂ ਨੂੰ ਆਪਣੀ ਬਿਵਸਥਾ ਦੇ ਵੱਲ ਮੋੜ** ਲਿਆਵੇ। ਪਰ ਲੋਕਾਂ ਨੇ ਉਸ ਦੀਆਂ ਤਾੜਨਾਵਾਂ ਨੂੰ ਨਕਾਰ ਦਿੱਤਾ ਕਿਉਂ ਜੋ ਉਨ੍ਹਾਂ ਨੇ ਹੰਕਾਰ ਕੀਤਾ (ਵੇਖੋ 9:16) ਅਤੇ ਜ਼ਿੰਦਗੀ ਦੇ ਦੇਣ ਵਾਲੇ ਖ਼ੁਦਾ ਦੇ **ਹੁਕਮਾਂ** ਨੂੰ ਨਾ ਮੰਨਿਆ। ਇਸਦੀ ਥਾਂ ਜਿਵੇਂ ਦੁਆ ਵਿਚ ਇਕਰਾਰ ਕੀਤਾ ਗਿਆ, ਉਨ੍ਹਾਂ ਨੇ **ਆਪਣਿਆਂ ਮੋਢਿਆਂ ਨੂੰ ਖਿੱਚ ਕੇ ਆਪਣੀਆਂ ਧੌਣਾਂ ਅਕੜਾ ਲਈਆਂ ਅਤੇ** ਉਹਦੀ ਗੱਲ ਨੂੰ **ਨਾ ਸੁਣਿਆ**।

ਆਇਤਾਂ 26 ਤੋਂ 29 ਤੋਂ ਇਉਂ ਲਗਦਾ ਹੈ ਜਿਵੇਂ ਉਹ ਮੁੱਖ ਤੌਰ ਤੇ ਨਿਆਈਆਂ ਦੇ ਕਾਲ ਨਾਲ ਸਬੰਧਿਤ ਹੋਣ। ਉਨ੍ਹਾਂ ਵਿਚ ਬਿਲਕੁਲ ਉਹੀ ਚੱਕਰ ਦੁਹਰਾਇਆ ਗਿਆ ਵਿਖਾਇਆ ਗਿਆ ਜੋ ਇੱਥੇ ਹੋਇਆ ਜਿਸ ਵਿਚ। ਇਸਰਾਏਲ ਨੇ ਪਾਪ ਕੀਤਾ; ਖ਼ੁਦਾ ਆਪਣੀ ਪਰਜਾ ਨੂੰ ਸਜ਼ਾ ਦੇਣ ਲਈ ਕਿਸੇ ਦੁੱਖ ਦੇਣ ਵਾਲੇ ਨੂੰ ਘੱਲਦਾ; ਉਨ੍ਹਾਂ ਉਹਦੇ ਅੱਗੇ ਦੁਹਾਈ ਦਿੰਦੇ; ਅਤੇ ਫੇਰ ਉਹ ਉਨ੍ਹਾਂ ਨੂੰ ਸਤਾਅ ਵਿੱਚੋਂ ਕੱਢਣ ਲਈ ਕਿਸੇ ਛੁਡਾਉਣ ਵਾਲੇ, ਕਿਸੇ ਨਿਆਈਂ ਨੂੰ ਘੱਲਦਾ। ਉਹ ਫੇਰ ਪਾਪ ਕਰਦੇ ਅਤੇ ਇਹੀ ਸਿਲਸਿਲਾ ਚੱਲਦਾ ਰਹਿੰਦਾ।

**ਆਇਤ 30.** ਇਹ ਆਇਤਾਂ ਸਾਨੂੰ ਦੱਸਦੀਆਂ ਹਨ ਕਿ ਖ਼ੁਦਾ ਕਿਵੇਂ **ਬਹੁਤਿਆਂ ਵਰ੍ਹਿਆਂ ਤੀਕ ਉਨ੍ਹਾਂ ਦੀਆਂ ਝੱਲਦਾ ਰਿਹਾ**, ਸ਼ਾਇਦ ਸੁਝਾਅ ਦੇ ਰਿਹਾ ਹੈ ਕਿ ਨਿਆਈਆਂ ਦੇ ਕਾਲ ਦੇ ਬਾਅਦ ਰਾਜਿਆਂ ਦੇ ਸਮੇਂ ਦਾ ਇਸਰਾਏਲ ਦਾ ਇਤਹਾਸ, ਉਸ ਕਾਲ ਦੌਰਾਨ ਵਿਚਲੇ ਨਮੂਨੇ ਨੂੰ ਹੀ ਵਿਖਾਉਂਦਾ ਰਿਹਾ। ਇਸ ਦਾ ਅਸਰ ਇਹ ਸੀ ਕਿ ਇਹ ਅੱਠਵੀਂ ਸਦੀ ਈ.ਪੂ. ਵਿਚ ਅੱਸ਼ੂਰ ਨੇ ਇਸਰਾਏਲ ਉੱਤੇ ਕਬਜ਼ਾ ਕਰਨ ਤਕ ਰਿਹਾ (ਵੇਖੋ 9:32)। ਇਸਰਾਏਲ ਦੇ ਪੁਰਖਿਆਂ ਦੀ ਵਫ਼ਾਦਾਰੀ ਸਮਾਂ ਬੀਤਣ ਨਾਲ ਸਾਬਿਤ ਨਹੀਂ ਹੋਈ। ਫਿਰ ਵੀ ਖ਼ੁਦਾ ਨੇ ਉਨ੍ਹਾਂ ਨਾਲ ਬੜਾ ਧੀਰਜ ਵਿਖਾਇਆ, ਬਿਲਕੁਲ ਉਵੇਂ ਜਿਵੇਂ ਉਹ ਨੇ ਪਿਛਲਿਆਂ ਯੁੱਗਾਂ ਵਿਚ ਵਿਖਾਇਆ ਸੀ।

ਵੰਡੇ ਗਏ ਰਾਜ ਦੇ ਸਮੇਂ ਦੌਰਾਨ, ਉੱਤਰੀ ਰਾਜ ਦੇ ਇਕ ਵੀ ਰਾਜੇ ਨੇ ਲੋਕਾਂ ਨੂੰ ਬੁੱਤਪ੍ਰਸਤੀ ਤੋਂ ਮੋੜ ਕੇ ਸੱਚੇ ਖ਼ੁਦਾ ਦੀ ਸੇਵਾ ਵੱਲ ਮੋੜਨ ਦੀ ਕੋਸ਼ਿਸ਼ ਨਹੀਂ ਕੀਤੀ ਭਾਵ ਉਨ੍ਹਾਂ ਸਾਰਿਆਂ ਨੇ ਕੌਮ ਤੋਂ ਪਾਪ ਹੀ ਕਰਵਾਇਆ। ਦੱਖਣ ਦੇ ਕੁਝ ਰਾਜੇ ਖ਼ੁਦਾ ਦੇ ਹੁਕਮਾਂ ਤੇ ਚੱਲਦੇ ਰਹੇ। ਫਿਰ ਵੀ ਉਹ **ਆਪਣੇ ਆਤਮਾ ਨਾਲ ਨਬੀਆਂ ਦੇ ਰਾਹੀਂ ਗਵਾਹੀ** [ਦਿੰਦਾ ਰਿਹਾ]। ਇਸਰਾਏਲੀਆਂ ਨੇ ਖ਼ੁਦਾ ਦੀ ਸਹਿਨਸ਼ੀਲਤਾ ਦੀ ਪਰਵਾਹ ਨਾ ਕਰਦਿਆਂ ਨਬੀਆਂ ਦੀਆਂ ਗੱਲਾਂ ਤੇ **ਕੰਨ ਨਾ ਧਰਿਆ** ਜਿਸਦਾ ਨਤੀਜਾ ਇਹ ਹੋਇਆ ਕਿ ਖ਼ੁਦਾ ਨੇ ਫੇਰ **ਉਨ੍ਹਾਂ ਨੂੰ ਉਨ੍ਹਾਂ** ਦੇ ਅੱਸ਼ੂਰੀਆਂ ਵਰਗੇ ਦੁਸ਼ਮਣਾਂ **ਦੇ ਹੱਥ ਵਿਚ ਦੇ ਦਿੱਤਾ**।

**ਆਇਤ 31.** ਇਸ ਸਜ਼ਾ ਨਾਲ ਵੀ ਇਸਰਾਏਲੀ ਪੂਰੀ ਤਰ੍ਹਾਂ ਨਾਲ ਖ਼ਤਮ ਨਹੀਂ ਹੋਏ। **ਆਪਣੀ ਵੱਡੀ ਦਿਆਲਤਾ** ਕਰਕੇ ਯਹੋਵਾਹ ਨੇ **ਉਨ੍ਹਾਂ ਨੂੰ ਉਕਾ ਹੀ ਨਾਸ ਹੋਣ ਲਈ ਛੱਡ ਨਾ ਦਿੱਤਾ**। ਜਿਵੇਂ

ਉਜਾੜ ਵਿਚ ਹੋਇਆ ਸੀ, ਖ਼ੁਦਾ ਨੇ ਆਪਣੀ ਪਰਜਾ ਨੂੰ ਉਨ੍ਹਾਂ ਦੇ ਪਾਪਾਂ ਦੀ ਸਜ਼ਾ ਤਾਂ ਦਿੱਤੀ ਪਰ ਉਨ੍ਹਾਂ ਨੂੰ ਛੱਡਿਆਂ ਨਹੀਂ। ਇਕ ਬਕੀਆ ਦੇਸ਼ ਵਿਚ ਪਰਤ ਆਇਆ, ਜਿਵੇਂ ਕਿ ਇਨ੍ਹਾਂ ਸੁਣਨ ਵਾਲਿਆਂ ਨੇ ਵੇਖਿਆ ਸੀ।

### ਰਹਿਮ ਲਈ ਬੇਨਤੀ (9:32-37)

**[32]ਹੁਣ ਹੇ ਸਾਡੇ ਪਰਮੇਸ਼ੁਰ, ਤੂੰ ਜੋ ਵੱਡਾ ਅਰ ਬਲਵੰਤ ਅਤੇ ਭੈਦਾਇਕ ਪਰਮੇਸ਼ੁਰ ਹੈਂ ਅਤੇ ਨੇਮ ਅਤੇ ਦਯਾ ਦੀ ਪਾਲਣਾ ਕਰਦਾ ਹੈਂ ਇਹ ਸਾਰਾ ਕਸ਼ਟ ਜਿਹੜਾ ਸਾਡੇ ਉੱਤੇ, ਸਾਡਿਆਂ ਪਾਤਸ਼ਾਹਾਂ ਉੱਤੇ, ਸਾਡਿਆਂ ਸਰਦਾਰਾਂ ਉੱਤੇ, ਸਾਡਿਆਂ ਜਾਜਕਾਂ ਉੱਤੇ, ਸਾਡਿਆਂ ਨਬੀਆਂ ਉੱਤੇ, ਸਾਡਿਆਂ ਪਿਉ ਦਾਦਿਆਂ ਉੱਤੇ ਅਤੇ ਤੇਰੀ ਸਾਰੀ ਪਰਜਾ ਉੱਤੇ ਅੱਸ਼ੂਰ ਦੇ ਪਾਤਸ਼ਾਹਾਂ ਦੇ ਦਿਨਾਂ ਤੋਂ ਅੱਜ ਦੇ ਦਿਨ ਤੀਕ ਬੀਤਿਆ ਹੈ ਸੋ ਤੇਰੇ ਸਨਮੁਖ ਹਲਕਾ ਨਾ ਜਾਣਿਆ ਜਾਵੇ [33]ਤਾਂ ਵੀ ਜੋ ਕੁਝ ਸਾਡੇ ਤੇ ਵਰਤਿਆ ਉਸ ਵਿਚ ਤੂੰ ਧਰਮੀ ਹੈਂ ਕਿਉਂ ਜੋ ਤੂੰ ਸਾਡੇ ਨਾਲ ਸਚਿਆਈ ਨਾਲ ਵਰਤਿਆ ਪਰ ਅਸਾਂ ਦੁਸ਼ਟਪੁਨਾ ਕੀਤਾ [34]ਸਾਡੇ ਪਾਤਸ਼ਾਹਾਂ ਨੇ, ਸਾਡੇ ਸਰਦਾਰਾਂ ਨੇ, ਸਾਡਿਆਂ ਜਾਜਕਾਂ ਨੇ ਅਤੇ ਸਾਡੇ ਪਿਉ ਦਾਦਿਆਂ ਨੇ ਤੇਰੀ ਬਿਵਸਥਾ ਦੇ ਅਨੁਸਾਰ ਕੰਮ ਨਹੀਂ ਕੀਤਾ, ਤੇਰੇ ਹੁਕਮਾਂ ਨੂੰ ਨਹੀਂ ਮੰਨਿਆ ਅਤੇ ਤੇਰੀਆਂ ਗਵਾਹੀਆਂ ਨੂੰ ਜਿਹੜੀਆਂ ਗਵਾਹੀਆਂ ਤੂੰ ਉਨ੍ਹਾਂ ਦੇ ਵਿਰੁੱਧ ਦਿੱਤੀਆਂ ਉਨ੍ਹਾਂ ਨੇ ਨਹੀਂ ਸੁਣੀਆਂ [35]ਕਿਉਂਕਿ ਉਨ੍ਹਾਂ ਨੇ ਆਪਣੇ ਰਾਜ ਵਿਚ ਅਤੇ ਤੇਰੀਆਂ ਬਹੁਤੀਆਂ ਨੇਕੀਆਂ ਵਿਚ ਜਿਹੜੀਆਂ ਤੂੰ ਉਨ੍ਹਾਂ ਨੂੰ ਦਿੱਤੀਆਂ ਅਤੇ ਇਸ ਚੌੜੀ ਅਤੇ ਮੋਟੀ ਧਰਤੀ ਵਿਚ ਜਿਹੜੀ ਤੂੰ ਉਨ੍ਹਾਂ ਦੇ ਅੱਗੇ ਦਿੱਤੀ ਤੇਰੀ ਉਪਾਸਨਾ ਨਾ ਕੀਤੀ ਅਤੇ ਆਪਣੀਆਂ ਬੁਰਿਆਈਆਂ ਤੋਂ ਨਾ ਮੁੜੇ [36]ਵੇਖ, ਅਸੀਂ ਅੱਜ ਦੇ ਦਿਨ ਗੁਲਾਮ ਹਾਂ ਅਤੇ ਇਹ ਧਰਤੀ ਜਿਹੜੀ ਤੂੰ ਸਾਡੇ ਪਿਉ ਦਾਦਿਆਂ ਨੂੰ ਦਿੱਤੀ ਕਿ ਓਹ ਇਹ ਦਾ ਫਲ ਅਤੇ ਚੰਗੀਆਂ ਵਸਤੂਆਂ ਖਾਣ, ਵੇਖ,ਅਸੀਂ ਉਸ ਵਿਚ ਗੁਲਾਮ ਹਾਂ ! [37]ਇਹ ਨੇ ਬਹੁਤੀ ਪੈਦਾਵਾਰ ਉਨ੍ਹਾਂ ਰਾਜਿਆਂ ਲਈ ਦਿੱਤੀ ਜਿਨ੍ਹਾਂ ਨੂੰ ਤੂੰ ਸਾਡੇ ਉੱਤੇ ਸਾਡਿਆਂ ਪਾਪਾਂ ਦੇ ਕਾਰਣ ਠਹਿਰਾਇਆ ਅਤੇ ਓਹ ਸਾਡਿਆਂ ਸਰੀਰਾਂ ਉੱਤੇ ਅਰ ਸਾਡਿਆਂ ਪਸੂਆਂ ਉੱਤੇ ਆਪਣੀ ਇੱਛਾ ਅਨੁਸਾਰ ਹਕੂਮਤ ਕਰਦੇ ਹਨ ਅਤੇ ਅਸੀਂ ਵੱਡੇ ਦੁਖ ਵਿਚ ਹਾਂ।**

ਅਗਲੀਆਂ ਛੇ ਆਇਤਾਂ ਵਿਚ ਦੁਆ ਦਾ ਫੋਕਸ ਪਿਛਲੇ ਇਤਹਾਸ ਨਾਲੋਂ ਵਰਤਮਾਨ ਦੀ ਉਦਾਸੀ ਵੱਲ ਬਦਲ ਗਿਆ। ਯਹੂਦੀਆਂ ਨੇ ਖ਼ੁਦਾ ਨੂੰ ਉਨ੍ਹਾਂ ਉੱਤੇ ਉਵੇਂ ਹੀ ਤਰਸ ਵਿਖਾਉਣ ਲਈ ਆਖਿਆ ਜਿਵੇਂ ਉਸ ਨੇ ਉਨ੍ਹਾਂ ਦੇ ਵਢੇਰਿਆਂ ਉੱਤੇ ਵਿਖਾਇਆ ਸੀ।

**ਆਇਤ 32. ਹੁਣ** ''ਅਤੀਤ ਦੇ ਸਰਵੇ ਤੋਂ ਵਰਤਮਾਨ ਹੱਲ ਦੀ ਪੀੜ ਵੱਲ ਮੁੜਨ ਦਾ ਨਿਸ਼ਾਨ ਹੈ।''[17] ਲੋਕਾਂ ਦੀ ਬੇਨਤੀ ਸਿੱਧੇ ਤੌਰ ਤੇ **ਪਰਮੇਸ਼ੁਰ** ਨੂੰ ਸੰਬੋਧਨ ਨਾਲ ਸ਼ੁਰੂ ਹੋਈ, ਜਿਸ ਵਿਚ ਉਸਦੇ ਜ਼ਬਰਦਸਤ ਗੁਣਾਂ ਦੀ ਤਾਰੀਫ਼ ਕੀਤੀ ਗਈ। ਇਸ ਵਿਚ ਉਸ ਨੂੰ **ਵੱਡਾ, ਬਲਵੰਤ ਅਤੇ ੈ ਦਾਇਕ ਭ** ਅਤੇ ਆਪਣੇ **ਨੇਮ** ਨੂੰ ਪੂਰਾ ਕਰਨ ਵਿਚ ਅਤੇ **ਦਯਾ** ਵਿਖਾਉਣ ਵਿਚ ਵਫ਼ਾਦਾਰ ਮੰਨਿਆ ਗਿਆ।

ਅੰਤ ਵੱਲ ਨੂੰ ਜਾਂਦਿਆਂ, ਦੁਆ ਵਿਚ ਖ਼ੁਦਾ ਨੂੰ ਉਸ **ਕਸ਼ਟ** ਵੱਲ ਧਿਆਨ ਦੇਣ ਦੀ ਬੇਨਤੀ ਕੀਤੀ ਗਈ ਜਿਹੜਾ ਉਨ੍ਹਾਂ ਭਾਵ ਉਨ੍ਹਾਂ ਸਾਰਿਆਂ ਨੂੰ **ਪਾਤਸ਼ਾਹਾਂ** ਤੋਂ ਲੈ ਕੇ **ਪਰਜਾ** ਨੂੰ **ਅੱਸ਼ੂਰ ਦੇ ਪਾਤਸ਼ਾਹਾਂ ਦੇ ਦਿਨਾਂ** ਤੋਂ ਲੈ ਕੇ ਮੌਜੂਦਾ ਸਮੇਂ ਤਕ ਝੱਲਣਾ ਪਿਆ ਸੀ। ਅਸਲ ਵਿਚ ਉਸ ਸਮੇਂ ਤੋਂ ਜਦੋਂ ਅੱਸ਼ੂਰੀਆਂ ਨੇ ਉੱਤਰੀ ਰਾਜ ਨੂੰ ਤਬਾਹ ਕੀਤਾ ਸੀ ਅਤੇ ਲਗਭਗ ਦੱਖਣੀ ਰਾਜ ਉੱਤੇ ਕਬਜ਼ਾ ਕਰ ਲਿਆ ਸੀ, ਖ਼ੁਦਾ ਦੇ ਲੋਕ ਨਿਆਈਆਂ ਦੇ ਸਮੇਂ ਲਤਾੜੇ ਦੂਜੇ ਲੋਕਾਂ ਦੇ ਅਧੀਨ ਹੀ ਰਹੇ ਸਨ (ਕੁਝ ਕੁ ਸਾਲਾਂ ਨੂੰ ਛੱਡ ਕੇ)।

ਇਹ ਧਿਆਨ ਦੇਣ ਵਾਲੀ ਗੱਲ ਹੈ ਕਿ ਰਹਿਮ ਦੀ ਬੇਨਤੀ ਸਾਫ਼-ਸਾਫ਼ ਨਹੀਂ ਹੈ। ਇਹਦੇ ਉਲਟ ਖ਼ੁਦਾ ਅੱਗੇ ਆਪਣੇ ਲੋਕਾਂ ਨੂੰ ''ਕਸ਼ਟ'' ਵਿਚ ਨਾ ਪਾਉਣ ਦੀ ਇਕ ਸੰਤੁਲਿਤ ਬੇਨਤੀ ਸੀ, ਜਿਸ ਨੂੰ ਉਹਨੇ **ਹਲਕਾ ਜਾਣਿਆ** ਸੀ। ਸ਼ਾਇਦ ਇਹ ਯਹੋਵਾਹ ਅੱਗੇ ਇਕ ਨਿਮਰਤਾ ਭਰਿਆ ਯਾਦ ਪੱਤਰ

ਕਿ ਪਹਿਲਾਂ ਉਸ ਨੇ ਕਿਵੇਂ ''ਅਕਾਸ਼ ਤੋਂ ਸੁਣਿਆ'' ਸੀ ਜਦ ਪਿਛਲੀਆਂ ਪੀੜ੍ਹੀਆਂ ਉਹਦੇ ਅੱਗੇ ਦੁਹਾਈ ਦਿੰਦੀਆਂ ਸਨ (9:27)।

**ਆਇਤ 33.** ਦੁਆ ਵਿਚ ਛੇਤੀ ਨਾਲ ਇਹ ਸਾਫ਼ ਕਰ ਦਿੱਤਾ ਗਿਆ ਕਿ ਦਯਾ ਲਈ ਯਹੂਦੀਆਂ ਦੀ ਬੇਨਤੀ ਉਨ੍ਹਾਂ ਦੀ ਭਲਿਆਈ ਕਰਕੇ ਨਹੀਂ ਸੀ। ਬਲਕਿ ਉਨ੍ਹਾਂ ਨੇ ਮੰਨਿਆ ਕਿ ''ਇਹ ਸਾਰਾ ਕਸ਼ਟ'' ਜਿਹੜਾ ਉਨ੍ਹਾਂ ਉੱਤੇ ਪਿਆ ਸੀ, ਝੱਲਣ ਦੇ ਉਹ ਹੱਕਦਾਰ ਸਨ (9:32)। ਖ਼ੁਦਾ ਨੇ ਆਪਣੇ ਲੋਕਾਂ ਨਾਲ ਹਮੇਸ਼ਾ ਤੋਂ **ਸਚਿਆਈ ਨਾਲ ਵਰਤਿਆ** ਸੀ ਭਾਵ ਉਸ ਨੇ ਆਪਣੇ ਵੱਲੋਂ ਨੇਮ ਨੂੰ ਪੂਰਾ ਕੀਤਾ ਸੀ। ਮੁਸ਼ਕਿਲ ਇਹ ਸੀ ਕਿ ਉਹ ਆਪਣੇ ਵਾਅਦਿਆਂ ਉੱਤੇ ਖਰੇ ਨਹੀਂ ਉੱਤਰੇ ਸਨ। ਉਹ ਉਸ ਨੇਮ ਦੇ ਪ੍ਰਤੀ ਬੇਈਮਾਨ ਸਨ ਅਤੇ ਉਨ੍ਹਾਂ ਨੇ **ਦੁਸ਼ਟਪੁਣਾ ਕੀਤਾ** ਸੀ। ਇਸ ਕਰਕੇ ਖ਼ੁਦਾ ਕੌਮ ਨੂੰ ਸਜ਼ਾ ਦੇਣ ਵਿਚ ਖ਼ੁਦਾ **ਧਰਮੀ** ਸੀ। ਆਇਤ 33 ਦੀ ਭਾਸ਼ਾ ਦੇ ਕਾਰਣ ਇਸ ਦੁਆ ਨੂੰ ''ਨਿਆਂ ਦਾ ਸਤੁਤੀਗਾਨ'' ਕਿਹਾ ਗਿਆ ਹੈ।[18]

**ਆਇਤ 34.** ਦੁਆ ਵਿਚ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਇਖ਼ਤਿਆਰ ਵਾਲੇ ਸਭ ਲੋਕਾਂ ਭਾਵ **ਪਾਤਸ਼ਾਹਾਂ**, **ਸਰਦਾਰਾਂ**[19], **ਜਾਜਕਾਂ** ਅਤੇ **ਪਿਉ ਦਾਦਿਆਂ** ਨੇ ਹੁਕਮ ਤੋੜਿਆ ਸੀ। ਬੁਰਿਆਈ ਕਰਨ ਵਾਲਾ ਇਹ ਗੁੱਟ ਉਨ੍ਹਾਂ ਨਾਲੋਂ ਫ਼ਰਕ ਸੀ ਜਿਹਨੂੰ 9:32 ਵਾਲਾ ਕਸ਼ਟ ਇਸ ਕਰਕੇ ਝੱਲਣਾ ਪਿਆ ਕਿ ਇਸ ਵਿਚ ''ਪਰਜਾ'' ਸ਼ਬਦ ਨਹੀਂ ਹੈ। ਮਤਲਬ ਇਹ ਕਿ ਇਖ਼ਤਿਆਰ ਵਾਲੇ ਲੋਕ ਮੁੱਖ ਤੌਰ ਤੇ ਉਸ ਪਾਪ ਲਈ ਜ਼ਿੰਮੇਵਾਰ ਸਨ ਜਿਸ ਕਰਕੇ ਕੌਮ ਉੱਤੇ ਸਜ਼ਾ ਜਾਂ ਕਸ਼ਟ ਆਉਂਦਾ ਸੀ। ਇਸ ਵਿਚਾਰ ਨੂੰ 1 ਅਤੇ 2 ਰਾਜਿਆਂ ਵਿਚ ਵੀ ਜ਼ਾਹਿਰ ਕੀਤਾ ਗਿਆ ਹੈ।[20] ਉਹ ਖ਼ੁਦਾ ਦੀ **ਬਿਵਸਥਾ** ਭਾਵ ਉਸ ਦੇ **ਹੁਕਮਾਂ** ਨੂੰ ਮੰਨਣ ਅਤੇ ਉਸ ਦੀਆਂ **ਗਵਾਹੀਆਂ** ਵੱਲ ਧਿਆਨ ਦੇਣ ਵਿਚ ਨਾਕਾਮ ਰਹੇ ਸਨ। ''ਹੁਕਮਾਂ'' ਲਈ ਇਬਰਾਨੀ ਸ਼ਬਦ (*'eduth*, *ਏਡੁਥ*) ਹੈ ਅਤੇ **ਗਵਾਹੀਆਂ** ਲਈ ਸ਼ਬਦ (*'ud*, *ਉਡ*) ਦਾ ਅਰਥ ''ਸਾਖੀ'' ਹੈ। ਇਸ ਵਾਕ ਅੰਸ਼ ਦਾ ਅਨੁਵਾਦ ''ਜਿਨ੍ਹਾਂ ਗਵਾਹੀਆਂ ਦੀ ਤੂੰ ਉਨ੍ਹਾਂ ਅੱਗੇ ਤਸਦੀਕ ਕੀਤੀ।''

**ਆਇਤ 35.** ਭਾਵੇਂ ਉਨ੍ਹਾਂ ਨੂੰ ਖ਼ੁਦਾ ਦੀਆਂ **ਬਹੁਤੀਆਂ ਨੇਕੀਆਂ** ਦੀ ਬਰਕਤ ਮਿਲੀ ਸੀ, ਜਿਸ ਵਿਚ ਉਨ੍ਹਾਂ ਨੂੰ **ਚੌੜੀ ਅਤੇ ਮੋਟੀ ਧਰਤੀ ਵਿਚ** ਅਤੇ ਉਸ ਵਿਚ ਰਹਿਣ ਦੀ ਇਜਾਜ਼ਤ ਮਿਲੀ, ਪਰ ਉਹ ਖ਼ੁਦਾ ਦੀ ਸੇਵਾ ਨਾ ਕਰ ਸਕੇ ਜਾਂ **ਆਪਣੀਆਂ ਬੁਰਿਆਈਆਂ ਤੋਂ** ਤੋਬਾ ਨਹੀਂ ਕਰ ਸਕੇ। ਇਸ ਕਰਕੇ ਉਹ ਉਸ ਸਜ਼ਾ ਦੇ ਹੱਕਦਾਰ ਸਨ ਜਿਹੜੀ ਉਸ ਨੇ ਉਨ੍ਹਾਂ ਉੱਤੇ ਘੱਲੀ ਸੀ।

**ਆਇਤਾਂ 36, 37.** ਆਪਣੇ ਪਾਪੀ ਹੋਣ ਅਤੇ ਬੇਕਾਰ ਹੋਣ ਨੂੰ ਸਮਝ ਲੈਣ ਤੋਂ ਬਾਅਦ ਯਹੂਦੀਆਂ ਨੇ ਅਜੇ ਵੀ ਖ਼ੁਦਾ ਦੇ ਅੱਗੇ ਦੁਹਾਈ ਦਿੱਤੀ। ਦੁਆ ਵਿਚ ਜਿਸ ਤੱਥ ਦੀ ਝਲਕ ਹੈ ਉਹ ਇਹ ਹੈ ਕਿ ਭਾਵੇਂ ਉਹ ਉਸ **ਧਰਤੀ** ਉੱਤੇ ਰਹਿ ਰਹੇ ਸਨ ਜਿਹੜੀ ਯਹੋਵਾਹ ਨੇ ਉਨ੍ਹਾਂ ਨੂੰ ਦਿੱਤੀ ਸੀ, ਪਰ ਉਹ ਇਹਦਾ **ਫਲ** ਨਹੀਂ ਖਾ ਸਕਦੇ ਸਨ। ਇਸ ਦੇ ਉਲਟ ਉਹ ਆਪਣੇ ਦੇਸ਼ ਵਿਚ **ਗੁਲਾਮ** ਸਨ ਕਿਉਂ ਜੋ **ਇਹਨੇ ਬਹੁਤੀ ਪੈਦਾਵਾਰ ਉਨ੍ਹਾਂ ਰਾਜਿਆਂ ਲਈ ਦਿੱਤੀ ਸੀ**। ਬੇਸ਼ੱਕ ਇੱਥੇ ਦੁਆ ਵਿਚ ਉਸ ਤੱਥ ਦੀ ਗੱਲ ਕੀਤੀ ਜਾ ਰਹੀ ਸੀ ਕਿ ਯਹੂਦੀਆਂ ਉੱਤੇ ਉਨ੍ਹਾਂ ਦੇ ਫ਼ਾਰਸੀ ਮਾਲਕਾਂ ਵੱਲੋਂ ਜਿਨ੍ਹਾਂ ਦਾ ਉਨ੍ਹਾਂ ਉੱਤੇ (ਉਨ੍ਹਾਂ ਦੇ **ਸਰੀਰਾਂ**) ਅਤੇ ਉਨ੍ਹਾਂ ਦੇ **ਪਸ਼ੂਆਂ** ਉੱਤੇ ਕਬਜ਼ਾ ਸੀ, ਭਾਰੀ ਕਰ ਲਾਏ ਜਾਂਦੇ ਸਨ।

ਕੁਝ ਲੋਕ ਇਸ ਉੱਤੇ ਸਵਾਲ ਕਰਦੇ ਹਨ ਕਿ ਯਹੂਦੀਆਂ ਨੇ ਫ਼ਾਰਸੀਆਂ ਦੇ ''ਗੁਲਾਮ'' ਹੋਣ ਦੀ ਸ਼ਿਕਾਇਤ ਇਸ ਮੌਕੇ ਤੇ ਕੀਤੀ ਜਾਂ ਨਹੀਂ ਜਦ ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਫ਼ਾਰਸੀ ਰਾਜਵੰਸ਼ ਦੀ ਹਕੂਮਤ ਦਾ ਜ਼ਿਕਰ ਕਰਨ ਵਿਚ ਤਰਕਸੰਗਤ ਢੰਗ ਨਾਲ ਕੂਟਨੀਤਕ ਹਨ। ਉਨ੍ਹਾਂ ਦੀਆਂ ਸ਼ਿਕਾਇਤਾਂ ਦੇ ਸਬੰਧ ਵਿਚ ਇਹ ਕਿਹਾ ਜਾ ਸਕਦਾ ਹੈ: (1) ਇਹ ਗੱਲਾਂ ਫ਼ਾਰਸੀ ਰਾਜੇ ਦੇ ਕੰਨਾਂ ਵਿਚ ਪੈਣ ਲਈ ਨਹੀਂ ਕਹੀਆਂ ਗਈਆਂ; ਅਤੇ (2) ਭਾਂਵੇਂ ਉਸ ਨੇ ਸੁਣ ਵੀ ਲਿਆ ਪਰ ਦੁਆ ਵਿਚ ਉਸ ਦੀ ਗੱਦੀ ਲਈ ਕੋਈ ਖ਼ਤਰਾ ਨਹੀਂ ਸੀ ਜਾਂ ਇਹ ਸੁਝਾਅ ਸੀ ਕਿ ਯਹੂਦੀ ਲੋਕ ਬਗ਼ਾਵਤ

ਕਰਨ ਵਾਲੇ ਸਨ।

ਫੇਰ, ਇਕਰਾਰ ਅਨਿਆਂ ਦੀ ਸ਼ਿਕਾਇਤ ਦਾ ਨਹੀਂ ਸੀ ਕਿਉਂਕਿ ਇਹ ਮੰਨਿਆ ਗਿਆ ਕਿ ਯਹੂਦੀ ਲੋਕ ਆਪਣਿਆਂ **ਪਾਪਾਂ ਦੇ ਕਾਰਣ** ਉਨ੍ਹਾਂ ਰਾਜਿਆਂ ਦੇ ਅਧੀਨ ਸਨ। ਇਹ ਖ਼ੁਦਾ ਨੂੰ ਉਨ੍ਹਾਂ ਦੀ ਹਾਲਤ ਨੂੰ ਵੇਖਣ ਦੀ ਇੱਛਾ ਦਾ ਇਜ਼ਹਾਰ ਸੀ। ਲੋਕ **ਵੱਡੇ ਦੁੱਖ ਵਿਚ** ਸਨ ਅਤੇ ਉਨ੍ਹਾਂ ਦੀ ਦੁਆ ਵਿਚ ਇਹ ਸੁਝਾਅ ਸੀ ਕਿ ਜੇ ਖ਼ੁਦਾ ਉਨ੍ਹਾਂ ਦੀ ਤਕਲੀਫ਼ ਨੂੰ ਸਮਝੇ ਤਾਂ ਉਹ ਉਨ੍ਹਾਂ ਉੱਤੇ ਤਰਸਵਾਨ ਹੋਵੇਗਾ ਅਤੇ ਉਨ੍ਹਾਂ ਦੀ ਤਕਲੀਫ਼ ਨੂੰ ਘਟਾਵੇਗਾ।

**ਨੇਮ ਨੂੰ ਮੰਨਣ ਦਾ ਵਾਅਦਾ** (9:38)

**[38]ਏਸ ਸਾਰੇ ਦੇ ਕਾਰਣ ਅਸੀਂ ਇਕ ਸੱਚਾ ਇਕਰਾਰ ਕਰਦੇ ਹਾਂ ਅਤੇ ਲਿਖ ਦਿੰਦੇ ਹਾਂ ਅਤੇ ਸਾਡੇ ਸਰਦਾਰ ਅਰ ਸਾਡੇ ਲੇਵੀ ਅਤੇ ਸਾਡੇ ਜਾਜਕ ਉਹ ਦੇ ਉੱਤੇ ਮੋਹਰ ਲਾਉਂਦੇ ਹਨ।**

9:6–37 ਵਾਲੀ ਦੁਆ ਤੋਂ ਬਾਅਦ ਖ਼ੁਦਾ ਨਾਲ ''ਇਕ ਸਮਝੌਤਾ'' ਕਰਨ ਦਾ ਸੰਕਲਪ ਲਿਆ ਗਿਆ। ਉਸ ''ਸਮਝੌਤੇ'' ਵਿਚ ਸੀਨੈ ਪਹਾੜ ਉੱਤੇ ਬੰਨ੍ਹੇ ਗਏ ਨੇਮ ਨੂੰ ਨਵੇਂ ਸਿਰਿਉਂ ਬੰਨ੍ਹਣਾ ਸ਼ਾਮਿਲ ਸੀ, ਅਤੇ ਇਸ ਦੀ ਤਸਦੀਕ ਦਾ ਵੇਰਵਾ ਅਧਿਆਇ 10 ਵਿਚ ਜਾਰੀ ਰਹਿੰਦਾ ਹੈ। ਅਸਲ ਵਿਚ ਇਬਰਾਨੀ ਬਾਈਬਲ ਵਿਚ ਅਧਿਆਇ 10 ਦੀ ਪਹਿਲੀ ਆਇਤ ਦੀ ਥਾਂ 9:38 ਹੈ।

**ਆਇਤ 38.** ਯਹੂਦੀਆਂ ਨੇ ਖ਼ੁਦਾ ਨੂੰ ਉਨ੍ਹਾਂ ਉੱਤੇ ਰਹਿਮ ਕਰਨ ਲਈ ਆਖਿਆ ਸੀ, ਉਵੇਂ ਹੀ ਜਿਵੇਂ ਉਹ ਉਨ੍ਹਾਂ ਦੇ ਪੂਰੇ ਇਤਹਾਸ ਵਿਚ ਉਨ੍ਹਾਂ ਦੇ ਵਢੇਰਿਆਂ ਨਾਲ ਕਰਦਾ ਰਿਹਾ ਸੀ। **ਇਸ ਸਾਰੇ ਦੇ ਕਾਰਣ** ਵਾਕ ਅੰਸ਼ ਉਸ ਕਾਰਵਾਹੀ ਦਾ ਕਾਰਣ ਦੱਸਦਾ ਹੈ ਜਿਹੜੀ ਯਹੂਦੀ ਲੋਕ ਚਾਹੁੰਦੇ ਸਨ: ''ਇਸ ਸਾਰੇ'' ਖ਼ੁਦਾ ਦੀ ਵਫ਼ਾਦਾਰੀ ਅਤੇ ਭਲਿਆਈ, ਯਹੂਦਾਹ ਦੇ ਬਾਰ–ਬਾਰ ਹੁਕਮ ਤੋੜਨ ਅਤੇ ਉਨ੍ਹਾਂ ਦੇ ਮੌਜੂਦਾ ''ਵੱਡੇ ਦੁੱਖ'' ਵੱਲ ਇਸ਼ਾਰਾ ਕਰਦਾ ਹੈ (9:37)। ਖ਼ੁਦਾ ਦੇ ਲੋਕਾਂ ਦੇ ਰੂਪ ਵਿਚ ਆਪਣੇ ਇਤਹਾਸ ਦੀ ਪੜਤਾਲ ਕਰਨ ਤੋਂ ਬਾਅਦ ਇਸ ਪੀੜ੍ਹੀ ਨੇ **ਇਕ ਸੱਚਾ ਇਕਰਾਰ ਲਿਖ** ਕੇ ਦੇਣ ਦਾ ਫ਼ੈਸਲਾ ਕੀਤਾ। ਉਹ ਨੇਮ ਨੂੰ ਮੰਨਣ ਦਾ ਅਹਿਦ ਕਰ ਰਹੇ ਸਨ ਅਤੇ ਉਹ ਆਪਣੇ ਅਹਿਦ ਨੂੰ ਇਸ ਦੇ ਪੱਕਾ ਹੋਣ ਉੱਤੇ ਜ਼ੋਰ ਦੇਣ ਲਈ ''ਲਿਖ'' ਕੇ ਦੇਣ ਲਈ ਤਿਆਰ ਸਨ। ਇਸ ਉੱਤੇ **ਮੋਹਰ** ਪਰਜਾ ਦੇ **ਸਰਦਾਰ** ਲਾਉਣ ਵਾਲੇ ਸਨ। ਅਧਿਆਇ 10 ਅੱਗੇ ਉਨ੍ਹਾਂ ਲੋਕਾਂ ਬਾਰੇ ਦੱਸਦਾ ਹੈ ਜਿਨ੍ਹਾਂ ਨੇ ਉਸ ਦਸਤਾਵੇਜ਼ ਉੱਤੇ ਦਸਤਖ਼ਤ ਕੀਤੇ ਅਤੇ ਉਸ ਅਹਿਦ ਵਿਚ ਦੱਸੀਆਂ ਗਈਆਂ ਜ਼ਿੰਮੇਵਾਰੀਆਂ ਵੀ ਦੱਸਦਾ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਇਹ ਯਹੂਦੀ ਯਹੋਵਾਹ ਦੇ ਨਾਲ ਕੋਈ ਨਵਾਂ ਨੇਮ ਨਹੀਂ ਬੰਨ੍ਹ ਰਹੇ ਸਨ ਬਲਕਿ ਉਹ ਓਸੇ ਮੂਲ ਨੇਮ ਦੀ ਤਸਦੀਕ ਕਰ ਰਹੇ ਸਨ ਜਿਹੜਾ ਉਨ੍ਹਾਂ ਦੇ ਇਤਿਹਾਸ ਵਿੱਚ ਪਹਿਲਾਂ ਤੋਂ ਪ੍ਰਭਾਵੀ ਸੀ। ਕੂਚ 19 ਦੇ ਮੁਤਾਬਕ ਖ਼ੁਦਾ ਨੇ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਕੱਢਣ ਤੋਂ ਬਾਅਦ, ਉਨ੍ਹਾਂ ਨਾਲ ਇਕ ਨੇਮ ਬੰਨ੍ਹਿਆ ਸੀ। ਇਹ ਨੇਮ ਉਸ ਉੱਤੇ ਅਧਾਰਿਤ ਨਹੀਂ ਸੀ ਜੋ ਉਨ੍ਹਾਂ ਨੇ ਖ਼ੁਦਾ ਲਈ ਕੀਤਾ ਸੀ ਬਲਕਿ ਉਨ੍ਹਾਂ ਨਾਲ ਕੀਤੇ ਖ਼ੁਦਾ ਦੇ ਰਹਿਮ ਭਰੇ ਕੰਮਾਂ ਉੱਤੇ ਅਧਾਰਿਤ ਸੀ। ਉਸ ਨੇਮ ਦੀਆਂ ਸ਼ਰਤਾਂ ਬੁਨਿਆਦੀ ਤੌਰ ਤੇ ਇਹ ਸਨ ਕਿ ਖ਼ੁਦਾ ਨੇ ਉਨ੍ਹਾਂ ਨੂੰ ਬਰਕਤ ਦੇਣੀ ਸੀ ਜੇ ਉਹ ਉਸ ਦੀ ਆਵਾਜ਼ ਨੂੰ ਮੰਨਦੇ ਅਤੇ ਉਸ ਦੇ ਨੇਮ ਨੂੰ ਮੰਨਦੇ। ਲੋਕਾਂ ਨੇ ਇਹ ਆਖ ਕੇ ਕਿ ''ਸਭ ਕੁਝ ਜੋ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ'' ਸਹਿਮਤੀ ਜਤਾਈ ਸੀ (ਕੂਚ 19:8)। ਇਸਰਾਏਲ ਦਾ ਅਗਲਾ ਇਤਹਾਸ ਉਸ ਨੇਮ ਦੇ ਅਨੁਸਾਰ ਸੀ। ਜਦ ਲੋਕਾਂ ਨੇ ਆਪਣਾ ਵਾਅਦਾ ਨਿਭਾਇਆ ਤਾਂ ਉਨ੍ਹਾਂ ਨੂੰ ਬਰਕਤ ਮਿਲੀ। ਜਦ ਉਨ੍ਹਾਂ ਹੁਕਮ ਤੋੜਿਆ (ਜੋ ਕਿ ਆਮ ਤੌਰ ਤੇ ਹੁੰਦਾ ਸੀ), ਤਾਂ ਉਨ੍ਹਾਂ ਨੂੰ ਸਰਾਪ ਮਿਲਿਆ। ਫਿਰ ਵੀ ਜਿਵੇਂ ਕਿ ਇਹ ਅਧਿਆਇ ਵਿਖਾਉਂਦਾ ਹੈ ਕਿ ਖ਼ੁਦਾ ਨੇ ਉਨ੍ਹਾਂ ਨੂੰ

ਕਦੇ ਛੱਡਿਆ ਨਹੀਂ।[21] ਇਸ ਨੇਮ ਨੂੰ ਯਾਦ ਕਰਦਿਆਂ ਅਤੇ ਉਨ੍ਹਾਂ ਵੱਲੋਂ ਇਸ ਨੂੰ ਪੂਰਾ ਨਾ ਕਰਨ ਨੂੰ ਸਮਝਦਿਆਂ, ਨਹਮਯਾਹ ਦੇ ਸਮੇਂ ਦੇ ਲੋਕ ਆਪਣੇ ਆਪ ਨੂੰ ਉਹ ਕਰਨ ਲਈ ਦੇ ਰਹੇ ਸਨ ਜੋ ਇਸਰਾਏਲੀਆਂ ਨੇ ਸ਼ੁਰੂ ਵਿਚ ਕਿਹਾ ਸੀ ਕਿ ਉਹ ਕਰਨਗੇ ਭਾਵ ਇਹ ਕਿ ਉਹ ਖ਼ੁਦਾ ਦੀ ਆਵਾਜ਼ ਨੂੰ ਸੁਣ ਕੇ ਉਹਦੇ ਹੁਕਮਾਂ ਨੂੰ ਮੰਨਣਗੇ।

ਅਧਿਆਇ ਨੇਮ ਦੇ ਵਫ਼ਾਦਾਰ ਰਹਿਣ ਦੇ ਇਸਰਾਏਲੀਆਂ ਦੇ ਅਹਿਦ ਦੇ ਨਵੇਂ ਸਿਰਿਉਂ ਬੰਨ੍ਹੇ ਜਾਣ ਨਾਲ ਖ਼ਤਮ ਹੁੰਦਾ ਹੈ। ਇਹ ਤੱਥ ਉਨ੍ਹਾਂ ਦੇ ਪਿਛਲੇ ਇਤਹਾਸ ਨੂੰ ਇਕ ਨਵੀਂ ਰੌਸ਼ਨੀ ਵਿਚ ਰੱਖਦਾ ਹੈ। ਪੁਰਾਤਨ ਨੇੜਲੇ ਪੂਰਬ ਵਿਚ ਸੰਧੀਆਂ ਵਾਲੇ ਨੇਮਾਂ ਅਤੇ ਬਾਈਬਲ ਵਿਚਲੇ ਨੇਮਾਂ (ਵੇਖੋ ਕੂਚ 19:4), ਵਿਚ ਸ਼ਾਮਿਲ ਧਿਰਾਂ ਦਾ ਇਤਹਾਸ ਉਸ ਨੇਮ ਦੇ ਪੂਰਾ ਹੋਣ ਦਾ ਪਤਾ ਦਿੰਦਾ ਸੀ।[22] ਇਸਰਾਏਲੀਆਂ ਦੀ ਬੇਵਫ਼ਾਈ ਦੇ ਉਲਟ ਖ਼ੁਦਾ ਦੀ ਭਲਿਆਈ ਅਤੇ ਤਰਸ 'ਤੇ ਜ਼ੋਰ ਨਾਲ, ਨੇਮ ਅਤੇ ਇਸ ਨੂੰ ਮੰਨਣ ਲਈ ਯਹੂਦਾਹ ਦੇ ਆਪਣੇ ਆਪ ਨੂੰ ਫੇਰ ਤੋਂ ਸਮਰਪਣ ਕਰਨ ਦੀ ਲੋੜ ਨੂੰ ਸਮਝਣ ਦਾ ਅਧਾਰ ਦਿੰਦਾ ਹੈ।

ਨਹਮਯਾਹ 9 ਵਿਚ ਇਸਰਾਏਲ ਦੇ ਇਤਹਾਸ ਦੀ ਸਮੀਖਿਆ ਉਤਪਤ ਤੋਂ 2 ਰਾਜਿਆਂ ਤਕ ਪੁਰਾਣੇ ਨੇਮ ਦੀਆਂ ਸਾਰੀਆਂ ਕਿਤਾਬਾਂ ਵਿਚ ਇਹ ਮਿਲਦੀ ਹੈ। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਨਹਮਯਾਹ ਦੇ ਸਮੇਂ ਦੇ ਯਹੂਦੀ ਉਨ੍ਹਾਂ ਕਿਤਾਬਾਂ ਤੋਂ ਜਾਣੂ ਸਨ ਅਤੇ ਉਹ ਉਨ੍ਹਾਂ ਨੂੰ ਰੱਬੀ ਇਲਹਾਮ ਨਾਲ ਮਿਲਿਆ ਇਤਹਾਸ ਮੰਨਦੇ ਸਨ। ਨਹਮਯਾਹ ਦੀ ਬਾਈਬਲ (ਭਾਵੇਂ ਇਸ ਵਿਚ ਪੁਰਾਣੇ ਨੇਮ ਦੀਆਂ ਬਾਅਦ ਵਾਲੀਆਂ ਕਿਤਾਬਾਂ ਨਹੀਂ ਸਨ ਅਤੇ ਇਸ ਨੂੰ ਪੱਤਰਿਆਂ ਉੱਤੇ ਇਬਰਾਨੀ ਵਿਚ ਲਿਖਿਆ ਗਿਆ ਸੀ) ਸਾਡੀਆਂ ਬਾਈਬਲਾਂ ਨਾਲੋਂ ਥੋੜ੍ਹੀ ਫ਼ਰਕ ਹੋਵੇਗੀ।

## ਪ੍ਰਾਸੰਗਿਕਤਾ

**ਪ੍ਰਭਾਵਸ਼ਾਲੀ ਲੀਡਰਸ਼ਿਪ: ਲੋਕਾਂ ਨੂੰ ਚੁਣੌਤੀ ਦੇਣਾ (ਅਧਿਆਇ 9)**

ਇਕ ਚੰਗਾ ਆਗੂ ਲੋਕਾਂ ਨਾਲ ਪਿਆਰ ਕਰਦਾ ਅਤੇ ਉਨ੍ਹਾਂ ਦੀ ਕਦਰ ਕਰਦਾ ਹੈ ਅਤੇ ਉਹ ''ਹਰ ਦਿਲ ਅਜ਼ੀਜ਼'' ਹੁੰਦਾ ਹੈ। ਪਰ ਲੋਕਾਂ ਨਾਲ ਉਸਦੇ ਪਿਆਰ ਦਾ ਮਤਲਬ ਇਹ ਨਹੀਂ ਕਿ ਉਸ ਦੀਆਂ ਗਲਤੀਆਂ ਨਜ਼ਰਅੰਦਾਜ਼ ਕਰ ਦਿੱਤੀਆਂ ਜਾਣ, ਬੇਪਰਵਾਹੀ ਨਾਲ ਕੀਤੇ ਕੰਮ ਨੂੰ ਮਾਫ਼ ਕਰ ਦਿੱਤਾ ਜਾਵੇ, ਜਾਂ ਸੁਸਤੀ ਜਾਂ ਮਾੜੇ ਸਲੂਕ ਨੂੰ ਸਵੀਕਾਰ ਕਰ ਲਿਆ ਜਾਵੇ। ਬਲਕਿ ਇਸ ਨਾਲ ਉਸ ਤੋਂ ਉਨ੍ਹਾਂ ਨੂੰ ਜਿਨ੍ਹਾਂ ਦੀ ਉਹ ਅਗਵਾਈ ਕਰਦਾ ਹੈ, ਬੇਹਤਰੀਨ ਦੀ ਉਮੀਦ ਹੁੰਦੀ ਹੈ। ਸਫ਼ਲ ਲੀਡਰ ਹਮੇਸ਼ਾ ਦੂਜਿਆਂ ਨੂੰ ਆਪਣੇ ਆਪ ਨੂੰ ਉਸ ਕੰਮ ਨੂੰ ਜਿਹੜਾ ਉਨ੍ਹਾਂ ਨੇ ਚੁੱਕਿਆ ਹੋਵੇ ਦਿਲੋ–ਜਾਨ ਨਾਲ ਕਰਨ ਦੀ ਚੁਣੌਤੀ ਦਿੰਦਾ ਹੈ।

ਮਸੀਹ ਨੂੰ ਆਪਣੇ ਚੇਲਿਆਂ ਤੋਂ ਬਹੁਤ ਉਮੀਦਾਂ ਹਨ। ਉਹ ਚਾਹੁੰਦਾ ਹੈ ਕਿ ਅਸੀਂ ਉਹਦੇ ਰਾਜ ਨੂੰ ਪਹਿਲ ਦਈਏ (ਮੱਤੀ 6:33), ਆਪਣੇ ਆਪ ਦਾ ਇਨਕਾਰ ਕਰੀਏ (ਮੱਤੀ 16:24–26), ਅਤੇ ਉਹਦੇ ਕੰਮ ਲਈ ਸਭ ਕੁਝ ਛੱਡਣ ਲਈ ਤਿਆਰ ਹੋਈਏ (ਲੂਕਾ 14:26)। ਉਸ ਨੇ ਤਾਂ ਮਸੀਹੀ ਲੋਕਾਂ ਨੂੰ ਉਹਦੇ ਲਈ ਮਰਨ ਲਈ ਵੀ ਤਿਆਰ ਰਹਿਣ ਲਈ ਕਿਹਾ ਹੈ (ਪਰਕਾਸ਼ 2:10)। ਯਿਸੂ ਦੀ ਨਜ਼ਰ ਵਿਚ ਬੇਦਿਲੀ ਵਾਲੀ ਸ਼ਗਿਰਦੀ ਕੋਈ ਬਦਲ ਨਹੀਂ ਹੈ। ਲੂਕਾ ਨੇ ਇਸ ਨੂੰ ਸਾਫ਼–ਸਾਫ਼ ਸ਼ਬਦਾਂ ਵਿਚ ਆਖਿਆ ਕਿ ਮਸੀਹ ਨੂੰ ਢਿੱਲ–ਮੱਠ ਵਾਲੀ ਮਸੀਹੀਅਤ ਐਨੀ ਅਲਕਤ ਲਿਆਉਣ ਵਾਲੀ ਲਗਦੀ ਹੈ ਕਿ ਉਹ ਇਸ ਨੂੰ ਉਗਲੱਛ ਦੇਣਾ ਚਾਹੁੰਦਾ ਹੈ (ਪਰਕਾਸ਼ 3:15, 16)!

ਨਹਮਯਾਹ ਨੇ ਲੋਕਾਂ ਨੂੰ ਉਸ ਦੀਆਂ ਉੱਚੀਆਂ ਉਮੀਦਾਂ ਦੇ ਮੁਤਾਬਕ ਜ਼ਿੰਦਗੀ ਬਸਰ ਕਰਨ ਦੀ ਚੁਣੌਤੀ ਦੇ ਕੇ ਪ੍ਰਭਾਵਸ਼ਾਲੀ ਲੀਡਰਸ਼ਿਪ ਦਾ ਨਮੂਨਾ ਦਿੱਤਾ। ਉਸ ਨੇ ਯਰੂਸ਼ਲਮ ਦੀ ਕੰਧ ਨੂੰ ਬਣਾਉਣ

ਲਈ ਆਖਣ ਨਾਲ ਸ਼ੁਰੂਆਤ ਕੀਤੀ (2: 17)। ਜਦ ਉਸ ਨੂੰ ਪਤਾ ਲੱਗਾ ਕਿ ਕੁਝ ਧਨਵਾਨ ਲੋਕ ਆਪਣੇ ਗ਼ਰੀਬ ਭਰਾਵਾਂ ਨੂੰ ਲੁੱਟ ਰਹੇ ਸਨ ਤਾਂ ਉਸ ਨੇ ਆਪਣੇ ਅਧਰਮੀ ਰਵੱਈਏ ਨੂੰ ਛੱਡ ਦੇਣ ਲਈ ਆਖਿਆ (5: 1–14)। ਉਸ ਨੇ ਲੋਕਾਂ ਵਾਸਤੇ ਖ਼ੁਦਾ ਦੀ ਸ਼ਰ੍ਹਾ ਦੇ ਪੜ੍ਹੇ ਜਾਣ ਲਈ ਅਜ਼ਰਾ ਵਾਸਤੇ ਪ੍ਰਬੰਧ ਕੀਤਾ ਜਾਂ ਜੋ ਉਹ ਆਪਣੀਆਂ ਪਿਛਲੀਆਂ ਗਲਤੀਆਂ ਨੂੰ ਵੇਖ ਸਕਣ ਅਤੇ ਭਵਿੱਖ ਵਿਚ ਬੇਹਤਰ ਕਰਨ ਲਈ ਤੈਅ ਕਰ ਸਕਣ। ਫਿਰ ਅਜ਼ਰਾ ਨੇ ਯਹੂਦੀਆਂ ਨੂੰ ਖ਼ੁਦਾ ਨਾਲ ਆਪਣੇ ਨੇਮ ਨੂੰ ਬੰਨ੍ਹਣ ਲਈ ਆਪਣੀ ਵਚਨਬੱਧਤਾ ਨੂੰ ਨਵਿਆਉਣ ਦੀ ਚੁਣੌਤੀ ਦਿੱਤੀ (8: 1–10: 39)।

ਨਹਮਯਾਹ ਨੂੰ ਯਹੂਦੀਆਂ ਤੋਂ ਖ਼ੁਦਾ ਦੀ ਗੱਲ ਨੂੰ ਮੰਨਣ ਦੇ ਆਪਣੇ ਅਹਿਦ ਨੂੰ ਮੰਨਣ ਦੀ ਉਮੀਦ ਸੀ। ਸ਼ੂਸ਼ਨ ਤੋਂ ਆਪਣੀ ਵਾਪਸੀ ਤੇ ਜਦੋਂ ਉਸ ਨੇ ਵੇਖਿਆ ਕਿ ਉਨ੍ਹਾਂ ਨੇ ਆਪਣੇ ਵਾਅਦੇ ਨਹੀਂ ਨਿਭਾਏ ਤਾਂ ਉਸ ਨੇ ਉਨ੍ਹਾਂ ਨੂੰ ਜਵਾਬਦੇਹ ਠਹਿਰਾਇਆ। ਅਧਿਆਇ 13 ਵਿਚ ਉਸ ਨੇ ਉਨ੍ਹਾਂ ਨੂੰ ਤੋਬਾ ਕਰਨ ਅਤੇ ਆਪਣਾ ਵਿਚਾਰ ਬਦਲਣ ਲਈ ਸਮਝਾਇਆ। ਹਾਕਮ ਦੇ ਤੌਰ ਤੇ ਆਪਣੇ ਅਹੁਦੇ ਦੀ ਵਰਤੋਂ ਕਰਦਿਆਂ, ਉਹ ਉਨ੍ਹਾਂ ਤੋਂ ਉਹ ਕਰਵਾਉਣਾ ਚਾਹੁੰਦਾ ਸੀ ਜੋ ਖ਼ੁਦਾ ਦਾ ਹੁਕਮ ਸੀ। ਇਸ ਹਾਲਤ ਵਿਚ ਉਨ੍ਹਾਂ ਨੂੰ ਸ਼ਰ੍ਹਾ ਨੂੰ ਮੰਨਣ ਵਿਚ ਨਾਕਾਮ ਰਹਿਣ ਲਈ ਉਨ੍ਹਾਂ ਨੂੰ ਸੁਧਾਰਣ ਲਈ ਪੂਰੀ ਕੋਸ਼ਿਸ਼ ਕਰਨ ਦੀ ਚੁਣੌਤੀ ਦੇਣਾ ਜ਼ਰੂਰੀ ਸੀ।

ਭਲਾ ਅੱਜ ਕਲੀਸੀਆ ਦੇ ਆਗੂਆਂ ਵਿਚ ਪ੍ਰਭਾਵਸ਼ਾਲੀ ਲੀਡਰਸ਼ਿਪ ਦਾ ਇਹ ਗੁਣ ਹੋ ਸਕਦਾ ਹੈ? ਆਮ ਤੌਰ ਤੇ ਅਸੀਂ ਇਵੇਂ ਕੰਮ ਕਰਦੇ ਹਾਂ ਜਿਵੇਂ ਨਾ ਹੋ ਸਕਦਾ ਹੋਵੇ। ਅਸੀਂ ਖੁਸ਼ ਲਗਦੇ ਹਾਂ ਜਦੋਂ ਮੰਡਲੀਆਂ ਚੱਲ ਰਹੀਆਂ ਲਗਦੀਆਂ ਹੋਣ, ਉਨ੍ਹਾਂ ਨੂੰ ਕਦੇ ਹੋਰ ਇਵੈਂਜਲਿਸਟਕ ਜਾਂ ਮਿਸ਼ਨ ਮਾਈਂਡਡ ਬਣਨ ਦੀ ਚੁਣੌਤੀ ਨਹੀਂ ਦਿੰਦੇ। ਪ੍ਰਚਾਰਕ ਬਗ਼ੈਰ ਯੋਜਨਾ ਵਾਲੇ ਸਰਮਨ ਦੇ ਕੇ ਸੰਤੁਸ਼ਟ ਹੋ ਸਕਦੇ ਹਨ, ਟੀਚਰਾਂ ਨੂੰ ਇਹ ਲਗ ਸਕਦਾ ਹੈ ਕਿ ਆਪਣੀ ਕਲਾਸ ਵਿਚ ਸਮਾਂ ਦੇ ਕੇ ਉਨ੍ਹਾਂ ਨੇ ਆਪਣਾ ਕੰਮ ਮੁਕਾ ਲਿਆ ਹੈ, ਹੋ ਸਕਦਾ ਹੈ ਕਿ ਜਦ ਤਕ ਖਰਚੇ ਪੂਰੇ ਹੁੰਦੇ ਰਹਿੰਦੇ ਸਨ, ਤੱਦ ਤਕ ਐਲਡਰਾਂ ਨੂੰ ਇਸ ਗੱਲ ਦੀ ਪਰਵਾਹ ਨਾ ਹੋਵੇ ਕਿ ਉਨ੍ਹਾਂ ਦੀਆਂ ਭੇਡਾਂ ਕਿੱਥੇ ਹਨ, ਅਤੇ ਡੀਕਨ ਕੁਝ ਹੋਰ ਨਾ ਕਰ ਰਹੇ ਹੋਣ!

ਕਲੀਸੀਆ ਨੂੰ ਅਜਿਹੀ ਤਸਵੀਰ ਨਾਲੋਂ ਬੇਹਤਰ ਕਰਨਾ ਚਾਹੀਦਾ ਹੈ! ਸਚਮੁਚ ਜੇ ਇਸ ਦੇ ਆਗੂ ਲੋਕਾਂ ਨੂੰ ਬੇਹਤਰ ਬਣਨ ਅਤੇ ਬੇਹਤਰ ਕਰਨ ਦੀ ਚੁਣੌਤੀ ਦੇਣ ਤਾਂ ਇਹ ਬੇਹਤਰ ਕਰ ਸਕੇਗਾ! ਕਲੀਸੀਆ ਦੇ ਆਗੂਆਂ ਭਾਵ ਐਲਡਰਾਂ, ਡੀਕਨਾਂ, ਪ੍ਰਚਾਰਕਾਂ ਅਤੇ ਟੀਚਰਾਂ ਦੀ ਲੋੜ ਹੈ ਜਿਹੜੇ ਖ਼ੁਦਾ ਦੇ ਲੋਕਾਂ ਨੂੰ ਐਨਾ ਕੁ ਪਿਆਰ ਕਰਦੇ ਹੋਣ ਕਿ ਉਹ ਉਨ੍ਹਾਂ ਤੋਂ ਉੱਚੀਆਂ ਉਮੀਦਾਂ ਰੱਖਣ। ਇਹ ਉਮੀਦਾਂ ਉਨ੍ਹਾਂ ਇੱਛਾਵਾਂ ਦੇ ਅਧਾਰ ਤੇ ਹੋਣੀਆਂ ਚਾਹੀਦੀਆਂ ਹਨ ਜਿਹੜੀਆਂ ਮਸੀਹ ਨੇ ਉਨ੍ਹਾਂ ਸਾਰਿਆਂ ਉੱਤੇ ਰੱਖੀਆਂ ਹਨ ਜਿਹੜੇ ਆਪਣੇ ਮਗਰ ਚੱਲਣ ਦੀ ਉਸਦੀ ਬੁਲਾਹਟ ਨੂੰ ਮੰਨਦੇ ਹਨ। ਆਗੂ ਵੱਲੋਂ ਕਲੀਸੀਆ ਦੇ ਸਾਹਮਣੇ ਇਨ੍ਹਾਂ ਉਮੀਦਾਂ ਨੂੰ ਰੱਖੇ ਜਾਣ ਤੋਂ ਉਸ ਨੂੰ ਮੈਂਬਰਾਂ ਨੂੰ ਮਸੀਹ ਦੀ ਬੁਲਾਹਟ ਦੇ ਮੁਤਾਬਕ ਜ਼ਿੰਦਗੀ ਬਸਰ ਕਰਨ ਦੀ ਚੁਣੌਤੀ ਦੇਣੀ ਚਾਹੀਦੀ ਹੈ! ਫਿਰ ਉਸ ਨੂੰ ਭਰਾਵਾਂ/ਭੈਣਾਂ ਨੂੰ ਉਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਵਿਚ ਮਦਦ ਲਈ ਤਰੀਕੇ ਲੱਭਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਅਜਿਹਾ ਕਰਨ ਲਈ ਜਵਾਬਦੇਹ ਠਹਿਰਾਉਣਾ ਚਾਹੀਦਾ ਹੈ।

ਇਕ ਪ੍ਰਭਾਵਸ਼ਾਲੀ ਮਸੀਹੀ ਆਗੂ ਉਸ ਕੰਮ ਨਾਲ ਜਿਹੜਾ ਸਿਰਫ਼ ਸਵੀਕਾਰੇ ਜਾਣ ਯੋਗ ਹੋਵੇ, ਕਦੀ ਸੰਤੁਸ਼ਟ ਨਹੀਂ ਹੁੰਦਾ; ਬਲਕਿ ਉਹ ਕਲੀਸੀਆ ਦੇ ਹਰ ਉੱਦਮ ਨੂੰ ਬੇਹਤਰੀਨ ਬਣਾਉਣਾ ਚਾਹੁੰਦਾ ਹੈ। ਚੰਗੇ ਪ੍ਰਚਾਰਕ ਉਨ੍ਹਾਂ ਉਪਦੇਸ਼ਾਂ ਨਾਲ ਜਿਹੜੇ ਸਿਰਫ਼ ''ਠੀਕ ਠੀਕ'' ਹੋਣ, ਸੰਤੁਸ਼ਟ ਨਹੀਂ ਹੁੰਦੇ; ਉਹ ਹੋਰ ਜ਼ਬਰਦਸਤ ਉਪਦੇਸ਼ ਦੇਣਾ ਚਾਹੁੰਦੇ ਹਨ ਜਿਸ ਨਾਲ ਲੋਕ ਖ਼ੁਦਾ ਦੀ ਇੱਛਾ ਨੂੰ ਕਰਨ ਲਈ ਮਜਬੂਰ ਹੋਣ। ਖ਼ੁਦਾ ਦਾ ਖ਼ੌਫ਼ ਰੱਖਣ ਵਾਲੇ ਐਲਡਰ ਸਿਰਫ਼ ਇਹ ਜਾਣ ਕੇ ਸੰਤੁਸ਼ਟ ਨਹੀਂ ਹੋ ਜਾਣਗੇ ਕਿ ਇੱਜੜ ਦੇ ਕੁਝ ਲੋਕ ਵਫ਼ਾਦਾਰ ਹਨ। ਬਲਕਿ ਉਹ ਉਨ੍ਹਾਂ ਦੇ ਅਧੀਨ ਹਰ ਵਿਅਕਤੀ ਗੁਆਚਣ

ਤੋਂ ਬਚਾਉਣ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ। ਹਰ ਮਸੀਹੀ ਨੂੰ ਚਾਹੀਦਾ ਹੈ ਕਿ ਆਪਣੇ ਆਪ ਨੂੰ ਖ਼ੁਦਾ ਦੀ ਸੇਵਾ ਲਈ ਸਮਰਪਿਤ ਹੋਣ ਲਈ ਵਿਖਾਵੇ।

*ਸਾਰ।* ਮਸੀਹੀ ਆਗੂਆਂ ਨੂੰ ਖ਼ੁਦਾ ਦੇ ਲੋਕਾਂ ਨੂੰ ਖ਼ੁਦਾ ਦੀ ਕਿਤਾਬ ਵਿਚ ਮਿਲਣ ਵਾਲੇ ਉੱਚ ਮਾਪਦੰਡਾਂ ਦੇ ਮੁਤਾਬਕ ਜ਼ਿੰਦਗੀ ਬਿਤਾਉਣ ਦੀ ਪੂਰੀ ਕੋਸ਼ਿਸ਼ ਕਰਨ ਦੀ ਚੁਣੌਤੀ ਦੇਣੀ ਜ਼ਰੂਰੀ ਹੈ। ਕਿਸੇ ਨੇ ਕਿਹਾ ਹੈ, ''ਜਦ ਮਸੀਹ ਕਿਸੇ ਨੂੰ ਸੱਦਦਾ ਹੈ, ਤਾਂ ਉਹ ਉਸ ਨੂੰ ਆ ਕੇ ਮਰਨ ਲਈ ਹੁਕਮ ਦਿੰਦਾ ਹੈ।'' ਆਪਣੇ ਵਿਸ਼ਵਾਸ ਲਈ ਮਰਨ ਦੀ ਬੁਲਾਹਟ ਹਰ ਮਸੀਹੀ ਨੂੰ ਨਹੀਂ ਮਿਲੇਗੀ ਪਰ ਹਰ ਮਸੀਹੀ ਨੂੰ ਆਪਣੀ ਜ਼ਿੰਦਗੀ ਨੂੰ ਜੀਉਣ ਲਈ ਮਸੀਹ ਵਾਸਤੇ ਦਲੇਰ ਕੀਤਾ ਜਾਣਾ ਜ਼ਰੂਰੀ ਹੈ। ਮਸੀਹ ਨੂੰ ਆਪਣੀ ਕਲੀਸੀਆ ਤੋਂ ਉੱਚੀਆਂ ਉਮੀਦਾਂ ਹਨ ਅਤੇ ਸਾਡੇ ਲਈ ਇਸ ਦੇ ਮੈਂਬਰਾਂ ਨੂੰ ਉਨ੍ਹਾਂ ਉਮੀਦਾਂ ਦੇ ਮੁਤਾਬਕ ਜੀਣ ਵਿਚ ਮਦਦ ਕਰਨੀ ਜ਼ਰੂਰੀ ਹੈ।

### ਖ਼ੁਦਾ ਕਿਹਦੇ ਵਰਗਾ ਹੈ? (ਅਧਿਆਇ 9)

ਨਹਮਯਾਹ 9 ਵਿਚ ਵਿਖਾਈ ਗਈ ਖ਼ੁਦਾ ਦੀ ਤਸਵੀਰ ਪ੍ਰਭਾਵਸ਼ਾਲੀ ਹੈ। ਖ਼ੁਦਾ ਕਿਹਦੇ ਵਰਗਾ ਹੈ? (1) ਸਿਰਫ਼ ਉਹੀ ਯਹੋਵਾਹ ਹੈ; ਉਹ ਇਕੱਲਾ ਖ਼ੁਦਾ ਹੈ (9:6)। (2) ਉਹ ਸਭ ਕਾਸੇ ਦਾ ਸਿਰਜਣਹਾਰ ਹੈ (9:6)। (3) ਉਹ ਉਹ ਖ਼ੁਦਾ ਹੈ ਜਿਹੜਾ ਮਨੁੱਖਾਂ ਨਾਲ ਨੇਮ ਬੰਨ੍ਹਦਾ ਅਤੇ ਜਿਹੜਾ ਉਨ੍ਹਾਂ ਨੇਮਾਂ ਨੂੰ ਪੂਰਾ ਕਰਦਾ ਹੈ (9:8, 32, 33), ਜਿਹੜਾ ਹਮੇਸ਼ਾ ਆਪਣੇ ਵਾਅਦੇ ਦੇ ਮੁਤਾਬਕ ਕਰਦਾ ਹੈ। (4) ਉਹ ਉਹ ਖ਼ੁਦਾ ਹੈ ਜਿਹੜਾ ਆਪਣੇ ਦੁਸ਼ਮਣਾਂ ਦਾ ਨਾਸ ਕਰਦਾ ਹੈ (9:10, 11) ਅਤੇ ਆਪਣੇ ਲੋਕਾਂ ਨੂੰ ਸਜ਼ਾ ਦਿੰਦਾ ਹੈ, ਜਦ ਉਹ ਉਹਦੇ ਖ਼ਿਲਾਫ਼ ਬਗ਼ਾਵਤ ਕਰਦੇ ਹਨ (9:27, 28, 30)। (5) ਉਹ ਉਹ ਖ਼ੁਦਾ ਹੈ ਜਿਹੜਾ ਮਨੁੱਖਾਂ ਨੂੰ ਚੰਗੇ ਨਿਯਮ ਦੇ ਕੇ (9:13, 14), ਉਨ੍ਹਾਂ ਨੂੰ ਆਪਣੇ ਆਤਮਾ ਨਾਲ ਨਿਰਦੇਸ਼ ਦੇ ਕੇ (9:20) ਉਨ੍ਹਾਂ ਨਾਲ ਸੰਵਾਦ ਕਰਦਾ ਹੈ। ਉਸ ਨੇ ਉਨ੍ਹਾਂ ਨਾਲ ਨਬੀਆਂ ਦੇ ਰਾਹੀਂ ਗੱਲ ਕੀਤੀ ਹੈ (9:26, 30) ਅਤੇ ਉਨ੍ਹਾਂ ਨੂੰ ਸਮਝਾਇਆ ਹੈ (9:34)। (6) ਉਹ ਮਾਫ਼ ਕਰਨ ਵਾਲਾ ਖ਼ੁਦਾ ਹੈ ਜਿਹੜਾ ਦਿਆਲੂ ਅਤੇ ਕਿਰਪਾਲੂ, ਕਹਿਰ ਕਰਨ ਵਿਚ ਧੀਰਜਵਾਨ ਅਤੇ ਨੇਕੀ ਨਾਲ ਭਰਪੂਰ ਹੈ (9:17, 19, 27, 31, 32); ਆਪਣੇ ਲੋਕਾਂ ਨੂੰ ਉਹ ਸਿਰਫ਼ ਮਾਫ਼ ਹੀ ਨਹੀਂ ਕਰਦਾ ਬਲਕਿ ਉਨ੍ਹਾਂ ਨੂੰ ਛੁਡਾਉਂਦਾ ਵੀ ਹੈ (9:27, 28)। (7) ਉਹ ਉਹ ਖ਼ੁਦਾ ਹੈ ਜਿਹੜਾ ਆਪਣੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦਾ ਹੈ (9:20, 21)। (8) ਉਹ ਚੰਗਾ ਖ਼ੁਦਾ ਹੈ ਜਿਹੜਾ ''ਬਹੁਤੀਆਂ ਨੇਕੀਆਂ'' ਵਿਖਾਉਂਦਾ ਹੈ (9:25, 35)। (9) ਉਹ ਵੱਡਾ, ਬਲਵੰਤ ਅਤੇ ਭੈਅਦਾਇਕ ਪਰਮੇਸ਼ੁਰ ਹੈ (9:32)। (10) ਉਹ ਧਰਮੀ ਖ਼ੁਦਾ ਹੈ ਜਿਹੜਾ ਲੋਕਾਂ ਨਾਲ ਸਚਿਆਈ ਨਾਲ ਪੇਸ਼ ਆਉਂਦਾ ਹੈ ਅਤੇ ਉਨ੍ਹਾਂ ਨੂੰ ਜਿਹੜੇ ਉਹਦੀ ਸਜ਼ਾ ਦੇ ਹੱਕਦਾਰ ਹਨ ਸਜ਼ਾ ਦਿੰਦਾ ਹੈ (9:33)।

### ਖ਼ੁਦਾ ਦੀ ਚੰਗੀ ਸ਼ਰ੍ਹਾ (9:13)

ਅੱਜ ਦੇ ਬਹੁਤ ਸਾਰੇ ਧਾਰਮਿਕ ਲੋਕਾਂ ਲਈ ''ਚੰਗੀ ਸ਼ਰ੍ਹਾ'' ਵਾਂਕਅੰਸ਼ ਨੂੰ ਵਿਰੋਧਾਭਾਸ, ਭਾਵ ਆਪਣੇ ਆਪ ਦਾ ਵਿਰੋਧ ਕਰਨ ਵਾਲੀ ਮੰਨਿਆ ਜਾਂਦਾ ਹੈ। ਸ਼ਰ੍ਹਾ ਦੇ ਰਾਹੀਂ ਅਸੀਂ ਬਚਾਏ ਨਹੀਂ ਜਾ ਸਕਦੇ, ਪਰ ਅਸੀਂ ਇਹ ਨਹੀਂ ਨਾ ਮੰਨ ਲਈਏ ਕਿ ਸ਼ਰ੍ਹਾ ਆਪਣੇ ਆਪ ਵਿਚ ਜ਼ਰੂਰੀ ਹੈ। ਦੋਵੇਂ ਨੇਮ ਇਹ ਸਿਖਾਉਂਦੇ ਹਨ ਕਿ ਸ਼ਰ੍ਹਾ ਚੰਗੀ ਹੈ। ਨਹਮਯਾਹ 9 ਵਿਚ ਮੂਸਾ ਦੀ ਸ਼ਰ੍ਹਾ ਨੂੰ ''ਸਿੱਧੇ ਨਿਆਉਂ,'' ''*ਸੱਚੀਆਂ* ਬਿਵਸਥਾਂ'' ਅਤੇ ''*ਚੰਗੀਆਂ* ਬਿਧੀਆਂ'' ਵਾਲੀ ਦੱਸਿਆ ਗਿਆ ਹੈ (9:13) ਇਨ੍ਹਾਂ ਹੁਕਮਾਂ, ਨਿਯਮਾਂ ਅਤੇ ਬਿਧੀਆਂ ਉੱਤੇ ਧਿਆਨ ਨਾਲ ਗੌਰ ਕਰਨ ਤੇ ਕਿਸੇ ਨੂੰ ਵੀ ਇਹ ਯਕੀਨ ਹੋ ਜਾਣਾ ਚਾਹੀਦਾ ਹੈ ਕਿ ਮੂਸਾ ਦੀ ਸ਼ਰ੍ਹਾ ਚੰਗੀ ਸੀ ਅਤੇ ਇਸਰਾਏਲ ਨੂੰ ਖ਼ੁਦਾ ਵੱਲੋਂ ਮਿਲਿਆ ਕਿਰਪਾ ਭਰਿਆ ਦਾਨ ਸੀ। ਨਵਾਂ ਨੇਮ ਇਹ ਨਹੀਂ ਸਿਖਾਉਂਦਾ ਕਿ ਮੂਸਾ ਦੀ ਸ਼ਰ੍ਹਾ ਬੁਰੀ ਸੀ। ਬਲਕਿ ਇਹ

ਸਿਖਾਉਂਦਾ ਹੈ ਕਿ ਇਸ ਵਿਚ ਮੁਕਤੀ ਦਾ ਲੋੜੀਂਦਾ ਸਾਧਨ ਨਹੀਂ ਸੀ। ਮੁਕਤੀ ਪੁਰਾਣੇ ਨੇਮ ਦੇ ਨਿਯਮਾਂ ਦੇ ਰਾਹੀਂ ਨਹੀਂ ਬਲਕਿ ਮਸੀਹ ਦੇ ਰਾਹੀਂ ਮਿਲਦੀ ਹੈ, ਭਾਵੇਂ ਉਨ੍ਹਾਂ ਨਿਯਮਾਂ ਨੂੰ ''ਸਿੱਧੇ,'' ''ਸੱਚੇ'' ਅਤੇ ''ਚੰਗੇ'' ਕਿਹਾ ਜਾ ਸਕਦਾ ਸੀ।

---

ਟਿੱਪਣੀਆਂ

[1]''ਤੱਪੜ'' ਬੱਕਰੇ ਜਾਂ ਊਠ ਦੀ ਖੱਲ ਦਾ ਬਣਦਾ ਸੀ ਅਤੇ ਇਸ ਦੀ ਵਰਤੋਂ ਪ੍ਰਾਸਚਿਤ ਅਤੇ ਸੋਗ ਕਰਨ ਵੇਲੇ ਲੱਕ ਢੱਕਣ ਲਈ ਕੀਤੀ ਜਾਂਦੀ ਸੀ (ਉਤਪਤ 37:34; 2 ਸਮੂਏਲ 3:31; 1 ਰਾਜਿਆਂ 21:27; ਅਸਤਰ 4:1–4; ਦਾਨੀਏਲ 9:3)। (*ਦ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਜਿਲਦ 4, *1 ਰਾਜਿਆਂ–ਅੱਯੂਬ*, ਸੰਪਾ. ਫ੍ਰੈਂਕ ਈ. ਗੇਬਲਾਇਨ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1988], 729 ਵਿਚ ਐਡਵਿਨ ਐੱਮ. ਯਾਮੋਚੀ, ''ਅਜ਼ਰਾ–ਨਹਮਯਾਹ।'') ਇਸ ਸਮਾਨ ਨਾਲ ਸਰੀਰਕ ਤਕਲੀਫ਼ ਆਦਮੀ ਦੀ ਮਾਨਸਿਕ ਤਕਲੀਫ਼ ਨਾਲ ਮੇਲ ਖਾਣ ਲਈ ਸਿਰ ਉੱਤੇ ''ਖਾਕ'' ਜਾਂ ''ਧੂੜ'' (NIV) ਡੂੰਘੇ ਸੋਗ ਨੂੰ ਵਿਖਾਉਣ ਲਈ ਹੁੰਦਾ ਸੀ (ਯਹੋਸ਼ੁਆ 7:6; 1 ਸਮੂਏਲ 4:12; 2 ਸਮੂਏਲ 1:2; ਅੱਯੂਬ 2:12)। ਇਸ ਨਾਲ ਮਨੁੱਖੀ ਜੀਵਨ ਦੀ ਕਮਜ਼ੋਰੀ ਵਿਖਾਈ ਜਾ ਸਕਦੀ ਹੋਵੇਗੀ (ਵੇਖੋ ਉਤਪਤ 3:19; ਜ਼ਬੂਰ 103:14) ਜਾਂ ਕੋਈ ਆਪਣੇ ਆਪ ਨੂੰ ਇਵੇਂ ਮੰਨਦਾ ਹੋਵੇਗਾ ਜਿਵੇਂ ਉਹ ''ਮਰ ਗਿਆ ਅਤੇ ਦਫ਼ਨਾ ਦਿੱਤਾ ਗਿਆ ਹੋਵੇ'' [ਡੀ. ਜੇ. ਏ. ਕਲਾਈਨਜ਼, *ਅਜ਼ਰਾ, ਨਹਮਯਾਹ, ਅਸਤਰ,* ਦ ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1984], 190)। [2]*ਏ ਕਮੈਂਟਰੀ ਆਨ ਦ ਬਾਈਬਲ*, ਸੰਪਾ. ਆਰਥਰ ਐੱਸ. ਪੀਕ (ਨਿਊ ਯਾਰਕ: ਥੌਮਸ ਨੈਲਸਨ ਐਂਡ ਸੰਨਜ਼, 1920), 333 ਵਿਚ ਡਬਲਯੂ. ਓ. ਈ. ਓਸਟਰਲੀ, ''ਅਜ਼ਰਾ–ਨਹਮਯਾਹ।'' [3]ਯਾਮੋਚੀ, 729. [4]ਇਬਰਾਨੀ ਬਾਈਬਲ ਵਿਚ ਇਸ ਵਾਕ ਅੰਸ਼ ਨੂੰ ਮੂਲ ਵਿਚ ''ਇਸਰਾਏਲ ਦੀ ਨਕਲ'' (***zera'***, ਜ਼ੇਰਾ) ਹੈ ਅਤੇ ਇਸੇ ਤਰ੍ਹਾਂ ਨਾਲ 9:8 ਵਿਚ ''ਉਹਦੀ ਅੰਸ'' ਹੈ। [5]ਅਜ਼ਰਾ ਅਤੇ ਨਹਮਯਾਹ ਭਾਵੇਂ ਨਿੱਜੀ ਤੌਰ ਤੇ ਦੋਸ਼ੀ ਨਹੀਂ ਸਨ ਪਰ ਉਨ੍ਹਾਂ ਨੇ ''ਯਹੂਦਾਹ ਦੇ ਪਾਪ ਦੀ ਜ਼ਿੰਮੇਵਾਰੀ ਲਈ ਅਤੇ ਆਪਣੀ ਕੌਮ ਨੂੰ ਤੋਬਾ ਅਤੇ ਸੁਧਾਰ ਵੱਲ ਲੈ ਗਏ'' (ਮੈਰੀ ਫ੍ਰਾਂਸੇਸ ਓਵੰਸ, *ਅਜ਼ਰਾ, ਨਹਮਯਾਹ, ਅਸਤਰ, ਅੱਯੂਬ,* ਲੇਮੈਨੇਸ ਬਾਈਬਲ ਬੁਕ ਕਮੈਂਟਰੀ, ਜਿਲਦ 7 [ਨੈਸ਼ਵਿਲ: ਬ੍ਰੌਡਮੈਨ ਪ੍ਰੈੱਸ, 1983], 56–57)। [6]ਕੀਥ ਐੱਨ. ਸ਼ੋਵਿੱਲ, *ਅਜ਼ਰਾ–ਨਹਮਯਾਹ,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 2001), 223. [7]ਐੱਚ. ਜੀ. ਐੱਮ. ਵਿਲੀਅਮਸਨ, *ਅਜ਼ਰਾ, ਨਹਮਯਾਹ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 16 (ਵਾਕੋ, ਟੈਕਸਸ: ਵਰਡ ਬੁਕਸ, 1985), 306. [8]ਜੇਕਬ ਐੱਮ. ਮਾਇਰਸ ਨੇ ਆਪਣੇ ਵਿਸ਼ਲੇਸ਼ਣ ਵਿਚ ਲਿਖਿਆ, ''ਕੌਮ ਦੇ ਬਾਰ–ਬਾਰ ਉਸ ਦੇ ਨੇਮ ਨੂੰ ਬੇਦੀਨ ਹੋ ਜਾਣ ਦੇ ਬਾਵਜੂਦ ਦੁਆ ਦਾ ਇਹ ਜ਼ਬੂਰ ਖ਼ੁਦਾ ਦੇ ਵਫ਼ਾਦਾਰ ਬਣੇ ਰਹਿਣ ਦਾ ਸ਼ਾਨਦਾਰ ਇਜ਼ਹਾਰ ਹੈ'' (ਜੇਕਬ ਐੱਮ. ਮਾਇਰਸ, *ਅਜ਼ਰਾ, ਨਹਮਯਾਹ,* ਦ ਐਂਕਰ ਬਾਈਬਲ, ਜਿਲਦ 14 [ਗਾਰਡਨ ਸਿਟੀ, ਨਿਊ ਯਾਰਕ: ਡਬਲਡੇਅ ਐਂਡ ਕੰ., 1965], 167)। [9]ਕੌਮਾਂ ਦੀ ਇਹ ਸੂਚੀ ਪੰਚਗ੍ਰੰਥ ਨਾਲ ਇਸ ਨਾਲ ਮੇਲ ਖਾਂਦੇ ਸੰਦਰਭਾਂ ਦੀ ਹੋਰ ਵਿਚਲੀਆਂ ਸੂਚੀਆਂ ਵਾਂਗ ਹੈ ਭਾਵੇਂ ਉਨ੍ਹਾਂ ਵਿੱਚੋਂ ਕਿਸੇ ਦੀ ਹੂ–ਬ–ਹੂ ਨਕਲ ਨਹੀਂ ਹੈ। [10]ਦੁਆ ਵਿਚ ਉਚੇਚੇ ਤੌਰ ਤੇ ਇਹ ਜ਼ਿਕਰ ਨਹੀਂ ਹੈ ਕਿ ਯਹੂਦੀਆਂ ਨੂੰ ਕੁਝ ਦੇਰ ਲਈ ਦੇਸ਼ ਵਿੱਚੋਂ ਲਿਜਾਇਆ ਗਿਆ ਸੀ, ਬਲਕਿ ''ਤੈਂ ਉਨ੍ਹਾਂ ਨੂੰ ਉਨ੍ਹਾਂ ਦੇਸਾਂ ਦੀਆਂ ਉੱਮਤਾਂ ਦੇ ਹੱਥ ਵਿਚ ਦੇ ਦਿੱਤਾ'' (9:30) ਵਾਕ ਉਨ੍ਹਾਂ ਦੇ ਅਸੀਰੀ ਵਿਚ ਲਿਜਾਏ ਜਾਣ ਦਾ ਸੰਕੇਤ ਦਿੰਦਾ ਹੈ।

[11]ਅਧਿਆਇ 8 ਵਾਲੀਆਂ ਆਇਤਾਂ ਵਾਂਗ ਇਹ ਆਇਤਾਂ ਇਸ ਤੱਥ ਤੇ ਜ਼ੋਰ ਦਿੰਦੀਆਂ ਹਨ ਕਿ ਖ਼ੁਦਾ ਨੇ ਸ਼ਰ੍ਹਾ ਮੂਸਾ ਦੇ ਰਾਹੀਂ ਦਿੱਤੀ। [12]ਸੱਬਤ ਨਾਲ ਸਬੰਧਿਤ ਨਿਯਮ ਪੰਚਗ੍ਰੰਥ ਵਿਚ ਹੋਰਨਾਂ ਥਾਂਵਾਂ ਦੇ ਨਾਲ ਨਾਲ

(ਲੇਵੀਆਂ 19:3, 30; 23:3; 26:2; ਬਿਵਸਥਾ ਸਾਰ 5:12–15) ਕੂਚ ਦੀ ਕਿਤਾਬ ਵਿਚ ਬਾਰ–ਬਾਰ ਮਿਲਦੇ ਹਨ (ਕੂਚ 16:22–30; 20:8–11; 23:12; 31:12–17; 35:1–3)। [13]ਐੱਫ਼. ਚਾਰਲਸ ਫੈਂਸ਼ਮ, *ਦ ਬੁਕ ਆਫ਼ ਅਜ਼ਰਾ ਐਂਡ ਨਹਮਯਾਹ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1982), 225, 231. [14]ਗਿਣਤੀ 14:4 ਕਹਿੰਦਾ ਹੈ ਕਿ ਉਨ੍ਹਾਂ ਨੇ ਇਕ ਲੀਡਰ ਠਹਿਰਾਉਣ ਦਾ ਸੁਝਾਅ ਦਿੱਤਾ, ਪਰ ਇਹ ਇਸ ਗੱਲ ਦਾ ਸੰਕੇਤ ਨਹੀਂ ਦਿੰਦਾ ਕਿ ਉਨ੍ਹਾਂ ਨੇ ਅਸਲ ਵਿਚ ਅਜਿਹਾ ਕੀਤਾ ਜਾਂ ਨਹੀਂ। ਸ਼ੋਵਿੱਲ ਨੇ ਆਇਤ 17 ਨੂੰ ਗਿਣਤੀ 14:4 ਇਹ ਆਖਦਿਆਂ ਮਿਲਾ ਦਿੱਤਾ ਕਿ ਵਿਦ੍ਰੋਹ ਦੇ ਅਜਿਹੇ ਕੰਮ ਦੀ ਯੋਜਨਾ ਬਣਾ ਕੇ ਉਹ ਓਨੇ ਦੀ ਦੋਸ਼ੀ ਸਨ ਜਿੰਨੇ ਤਦ ਹੋਣੇ ਸਨ ਜੇ ਉਨ੍ਹਾਂ ਨੇ ਯੋਜਣਾ ਬਣਾ ਲਈ ਹੁੰਦੀ (ਵੇਖ ਮੱਤੀ 5:27, 28)। (ਸ਼ੋਵਿੱਲ, 227.) [15]NASB ਵਿਚ ਇੱਥੇ ''ਮਿਸਰ ਵਿਚ'' ਹੈ ਜੋ ਕਿ LXX ਅਤੇ ਕੁਝ ਇਬਰਾਨੀ ਹੱਥਲਿਖਤਾਂ (*b$^e$mitsrayim*) ਦੀ ਨਕਲ ਹੈ। MT ''ਵਿਚ ਉਨ੍ਹਾਂ ਦੀ ਬਗ਼ਾਵਤ ਵਿਚ'' (*b$^e$miryam*) ਹੈ। ਇਨ੍ਹਾਂ ਦੋਹਾਂ ਇਬਰਾਨੀ ਸ਼ਬਦਾਂ ਵਿਚ ਫ਼ਰਕ ਇਕ ਵਿਅੰਜਨ ਦਾ ਹੈ। [16]ਲੈਸਲੀ ਸੀ. ਐਲਨ ਐਂਡ ਤਿਮੋਥੀ ਐੱਸ. ਲੇਨਿਆਕ, *ਅਜ਼ਰਾ, ਨਹਮਯਾਹ, ਅਸਤਰ*, ਨਿਊ ਇੰਟਰਨੈਸ਼ਨਲ ਬਾਈਬਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 2003), 136. [17]ਯਾਮੋਚੀ, 736. [18]*ਦ ਨਿਊ ਇੰਟਰਪ੍ਰੇਟਰ'ਜ਼ ਬਾਈਬਲ*, ਸੰਪਾ. ਲਿਏਂਡਰ ਈ. ਕੇਕ (ਨੈਸ਼ਵਿੱਲ: ਅਬਿੰਗਡਨ ਪ੍ਰੈੱਸ, 1999), 3:812 ਵਿਚ ਰਾਲਫ ਡਬਲਯੂ. ਕਲੇਨ, ''ਦ ਬੁਕ ਆਫ਼ ਅਜ਼ਰਾ ਐਂਡ ਨਹਮਯਾਹ।'' [19]NASB ਵਿਚ ਇੱਕੋ ਇਬਰਾਨੀ ਸ਼ਬਦ ਨੂੰ ਆਇਤ 32 ਵਿਚ ''ਰਾਜਕੁਮਾਰ'' ਅਤੇ ਆਇਤ 34 ਵਿਚ ''ਆਗੂ''' ਅਨੁਵਾਦ ਕੀਤਾ ਗਿਆ ਹੈ। [20]ਵੇਖੋ 1 ਰਾਜਿਆਂ 15:26, 30, 34; 16:13, 26; 21:22; 2 ਰਾਜਿਆਂ 3:3; 10:29, 31; 13:2, 6, 11; 14:24; 15:9, 18, 24, 28; 23:15.

[21]ਕਿਉਂ ਨਹੀਂ? ਖ਼ੁਦਾ ਨੇ ਇਸਰਾਏਲੀਆਂ ਨੂੰ ਪੂਰੀ ਤਰ੍ਹਾਂ ਨਾਲ ਨਾਸ ਕਿਉਂ ਨਹੀਂ ਕੀਤਾ ਜਦ ਕਿ ਉਨ੍ਹਾਂ ਉਹਦੇ ਖ਼ਿਲਾਫ਼ ਐਨੀ ਵਾਰ ਬੁਰਿਆਈ ਕੀਤੀ? ਉਹ ਤਿਆਗੇ ਜਾਣ ਦੇ ਯੋਗ ਸਨ! ਜੇ ਖ਼ੁਦਾ ਉਨ੍ਹਾਂ ਨੂੰ ਛੱਡ ਦਿੰਦਾ ਅਤੇ ਉਜਾੜ ਵਿਚ ਨਾਸ ਹੋਣ ਦਿੰਦਾ ਤਾਂ ਨੇਮ ਦੀਆਂ ਸ਼ਰਤਾਂ ਦੇ ਮੁਤਾਬਕ ਉਹਨੇ ਪੂਰੀ ਤਰ੍ਹਾਂ ਨਾਲ ਧਰਮੀ ਹੋਣਾ ਸੀ। ਉਸ ਨੇ ਅਜਿਹਾ ਸਿਰਫ਼ ਇਸੇ ਕਰਕੇ ਨਹੀਂ ਕੀਤਾ ਕਿ ਖ਼ੁਦਾ ਨੇ ਇਸਰਾਏਲ ਨੂੰ ਉਹ ਜ਼ਰੀਆ ਬਣਾਉਣ ਲਈ ਸੱਦਿਆ ਸੀ ਜਿਹਦੇ ਰਾਹੀਂ ਉਹਨੇ ਅਬਰਾਹਾਮ ਦੀ ਅੰਸ ਦੇ ਰਾਹੀਂ ਸਾਰੀ ਮਨੁੱਖ ਜਾਤੀ ਨੂੰ ਬਰਕਤ ਦੇਣ ਦਾ ਆਪਣਾ ਵਾਅਦਾ ਪੂਰਾ ਕਰਨਾ ਸੀ। ਖ਼ੁਦਾ ਦਾ ਇਰਾਦਾ ਯਹੂਦੀਆਂ ਦੇ ਰਾਹੀਂ ਸੰਸਾਰ ਵਿਚ ਇਕ ਮੁਕਤੀਦਾਤਾ ਭਾਵ ਮਸੀਹਾ ਨੂੰ ਲਿਆਉਣ ਦਾ ਸੀ; ਅਤੇ ਉਨ੍ਹਾਂ ਦੀ ਬੇਵਫ਼ਾਈ ਵੀ ਉਸ ਨੂੰ ਅਜਿਹਾ ਕਰਨ ਤੋਂ ਰੋਕ ਨਹੀਂ ਸਕੀ। [22]ਪੁਰਾਣੇ ਨੇਮ ਵਿਚ ਹੋਰ ਕਿਤੇ ਅਤੇ ਪ੍ਰਾਚੀਨ ਨੇੜਲੇ ਪੂਰਬ ਵਿਚ ਮਿਲਣ ਵਾਲੇ ਨੇਮ ਦੇ ਫ਼ਾਰਮੂਲੇ ਨਾਲ ਨਹਮਯਾਹ 9 ਅਤੇ 10 ਦੀ ਇਕ ਤੁਲਨਾ ਲਈ ਵੇਖੋ ਯਾਮੋਚੀ, 736 ਵਿਚ ਕੇ. ਬਾਟਜ਼ਰ, *ਦ ਕੋਵਨੈਂਟ ਫ਼ਾਰਮੂਲਰੀ*, ਸੋਧਿਆ ਅੰਕ (ਫ਼ਿਲਾਡੈਲਫ਼ੀਆ: ਫੋਰਟ੍ਰੈਸ, 1971), 43–47 ਵਿਚ ਦੁਹਰਾਇਆ ਗਿਆ। ''ਨੇਮ'' ਤੇ ਚਰਚਾ ਲਈ, ਵੇਖੋ ਕੋਏ ਡੀ. ਰੋਪਰ, *ਕੂਚ*, ਟਰੁੱਥ ਫ਼ਾਰ ਟੁਡੇ ਕਮੈਂਟਰੀ (ਸਰਸੀ, ਆਰਕੈਂਸਾ: ਰਿਸੋਰਸ ਪਬਲੀਕੇਸ਼ੰਜ਼, 2008), 679–83.